Punjabi Parwaz

# ਪੰਜਾਬੀ ਪਰਵਾਜ਼

ਅੰਕ ਪਹਿਲਾ: 27 ਮਈ 2023 (ਸ਼ਿਕਾਗੋ) ਲੋਕ-ਪੱਖੀ ਤੇ ਮਿਆਰੀ ਵਿਚਾਰਾਂ ਦੀ ਸਾਂਝ

e-mail: punjabiparwaz@gmail.com www.punjabiparwaz.com


## ਪਹਿਲੀ ਪਰਵਾਜ਼

ਦੇਸ-ਪਰਦੇਸ ਵਿੱਚ ਪੰਜਾਬੀ ਦੇ ਕਈ ਪਰਚੇ/ਮੈਗਜ਼ੀਨ/ਅਖਬਾਰ/ਟੀ.ਵੀ. ਚੈਨਲ/ਵੈਬ ਚੈਨਲ ਹਨ ਤੇ ਉਨ੍ਹਾਂ ਸਭਨਾਂ ਦੀ ਪਾਠਕਾਂ ਤੱਕ ਪਹੁੰਚ ਆਪੋ-ਆਪਣੀ ਹੈ। ਇਸ ਖੇਤਰ ਨਾਲ ਅਜਿਹੇ ਜਿਊੜੇ ਵੀ ਜੁੜੇ ਹੋਏ ਹਨ, ਜੋ ਇਸ ਖੇਤਰ ਨੂੰ ਪੂਰੀ ਤਰ੍ਹਾਂ ਸਮਰਪਿਤ ਹਨ ਅਤੇ ਲੋਕ-ਮੁੱਦਿਆਂ ਪ੍ਰਤੀ ਉਨ੍ਹਾਂ ਦੀ ਸੰਜੀਦਾ ਸੋਚ ਅਤੇ ਮਿਆਰੀ ਪੱਤਰਕਾਰੀ ਉਨ੍ਹਾਂ ਦਾ ਹਾਸਲ ਹੈ; ਪਰ ਅਜਿਹੇ ਲੋਕ ਹਨ ਰਾਈ 'ਚ ਤਿਲ ਸਮਾਨ! ਅੱਧਾ ਕੁ ਫਰਜ਼ ਨਿਭਾਉਣ ਵਾਲੇ ਵੀ ਬਹੁਤ ਹਨ, ਜਿਹੜੇ ਆਪਣੀ ਕਲਮ ਦਾ ਵਾਰ ਕਦੇ ਸਖਤ ਕਰ ਲੈਂਦੇ ਹਨ ਤੇ ਕਦੇ ਨਰਮ। ਭਾਈਚਾਰਕ ਤੌਰ 'ਤੇ ਵਿਚਰਦਿਆਂ ਇਸ ਖੇਤਰ ਵਿੱਚ ਇਹ ਵਰਤਾਰਾ ਵਧੇਰੇ ਭਾਰੂ ਹੋ ਗਿਆ ਹੈ। ਨਿਰਸੰਦੇਹ ਇਸ ਖਿੱਤੇ ਵਿੱਚ ਉਨ੍ਹਾਂ ਲੋਕਾਂ ਦੀ ਘੁਸਪੈਠ ਵੀ ਹੈ, ਜੋ ਇਸ ਨੂੰ ਸਿਰਫ ਤੇ ਸਿਰਫ ਧੰਦਾ ਸਮਝਦੇ ਹਨ ਤੇ ਮੌਕਾ-ਬੇਮੌਕਾ ਨਫੇ ਦੀ ਹੀ ਤਾਕ ਵਿੱਚ ਰਹਿੰਦੇ ਹਨ।


ਕੁਲਜੀਤ ਦਿਆਲਪੁਰੀ
ਫੋਨ: 224-386-4548


ਖ਼ੈਰ! ਜਿੰਨੀ ਜਿਹਦੀ ਸਮਰੱਥਾ ਹੈ, ਉਹ ਉਸੇ ਮੁਤਾਬਕ ਆਪਣੇ ਮਿੱਥੇ ਸਫਰ ਉਤੇ ਤੁਰਿਆ ਹੋਇਆ ਹੈ; ਕੋਈ ਵੱਧ ਰਫਤਾਰ ਨਾਲ ਤੇ ਕੋਈ ਘੱਟ ਰਫਤਾਰ ਨਾਲ। ਇਹ ਗੱਲ ਜ਼ਰੂਰ ਮਹਿਸੂਸ ਕੀਤੀ ਗਈ ਹੈ ਕਿ ਇਸ ਸਭ ਕੁਝ ਦੌਰਾਨ ਪੰਜਾਬੀ ਪਾਠਕਾਂ, ਲੇਖਕਾਂ ਤੇ ਆਲੋਚਕਾਂ ਦਾ ਘੇਰਾ ਵੀ ਵਧਿਆ ਹੈ, ਜਿਸ ਦਾ ਕੁਝ ਹਿੱਸਾ ਉਸਾਰੂ ਪਹੁੰਚ ਵਾਲਾ ਹੈ ਅਤੇ ਕੁਝ ਉਤੇ ਸੌੜੀ ਪਹੁੰਚ ਹਾਵੀ ਹੋ ਗਈ ਹੈ। ਵੱਖ-ਵੱਖ ਵਿਚਾਰਾਂ, ਜਾਣਕਾਰੀਆਂ, ਸਰਗਰਮੀਆਂ ਵਗੈਰਾ ਦੇ ਜ਼ਰੀਏ ਭਾਈਚਾਰਕ ਸਾਂਝ ਵੀ ਪੀਡੀ ਹੋਈ ਹੈ, ਪਰ ਤ੍ਰਾਸਦਿਕ ਪਹਿਲੂ ਇਹ ਵੀ ਹੈ ਕਿ ਕਿਤੇ ਕਿਤੇ ਇਸ ਨੂੰ ਕਿੜਾਂ ਕੱਢਣ ਦੇ ਮਕਸਦ ਲਈ ਵੀ ਵਰਤਿਆ ਜਾਣ ਲੱਗ ਪਿਆ ਹੈ ਜਾਂ ਕਈ ਵਾਰ ਕੁਝ ਧਿਰਾਂ ਮੀਡੀਆ ਨੂੰ ਆਪਣੇ ਮੁਫਾਦ ਲਈ ਸਹਿਜ ਭਾਅ ਵਰਤ ਵੀ ਲੈਂਦੀਆਂ ਹਨ। ਪਦਾਰਥਵਾਦੀ ਯੁੱਗ ਵਿਚ ਅਜਿਹੀਆਂ ਪਹੁੰਚਾਂ ਆਮ ਵਰਤਾਰਾ ਹੈ; ਬਹੁਤਾ ਕਰ ਕੇ ਦੋਵੇਂ ਧਿਰਾਂ ਲੋੜ ਮੁਤਾਬਕ ਭੁਗਤਦੀਆਂ ਵੀ ਰਹਿੰਦੀਆਂ ਹਨ ਤੇ ਇਹ ਕੋਈ ਹੈਰਾਨੀਕੁਨ ਗੱਲ ਰਹਿ ਵੀ ਨਹੀਂ ਗਈ।

ਇਹ ਸਪਸ਼ਟ ਹੈ ਕਿ ਦੁਨੀਆਂ ਭਰ ਦੇ ਲੋਕਾਂ ਦੇ ਵਿਚਾਰ ਇੱਕ ਕਿਸਮ ਦੇ ਕਦੇ ਵੀ ਨਹੀਂ ਹੋ ਸਕਦੇ ਤੇ ਹੋਣੇ ਵੀ ਨਹੀਂ ਚਾਹੀਦੇ, ਕਿਉਂਕਿ ਜੇ ਸਹਿਮਤੀ ਦਾ ਮਾਹੌਲ ਭਾਰੂ ਰਿਹਾ ਤਾਂ ਕਿਸੇ ਵੀ ਮੁੱਦੇ ਉੱਤੇ ਸੁਜੱਗ ਚਰਚਾ ਦੀ ਗੁੰਜਾਇਸ਼ ਹੀ ਨਹੀਂ ਰਹੇਗੀ; ਗੋਸ਼ਟ ਲਈ ਰਾਹ ਨਹੀਂ ਖੁੱਲ੍ਹੇਗਾ। ਪੱਤਰਕਾਰਤਾ, ਵਿਦਿਅਕ ਤੇ ਸਾਹਿਤਕ ਸਮੇਤ ਸਭਨਾਂ ਖੇਤਰਾਂ ਵਿੱਚ ਨਜ਼ਰੀਏ ਦੀ ਭਿੰਨਤਾ ਤੇ ਪੁਖਤਗੀ ਉਸਾਰੂ ਸੰਵਾਦ ਦੀ ਸਾਂਝ ਨਾਲ ਸਿਹਤਮੰਦ ਸਮਾਜ ਉਸਰਦਾ ਹੈ। ਜੇ ਇਤਿਹਾਸ ਆਪਣੇ ਅੰਦਰ ਬੜਾ ਕੁਝ ਸਮੋਈ ਬੈਠਾ ਹੈ ਤਾਂ ਵਰਤਮਾਨ ਵੀ ਇਤਿਹਾਸ ਬਣਨ ਦੀ ਕਤਾਰ ਵਿਚ ਹੈ, ਜਾਂ ਇਹ ਇਤਿਹਾਸ ਬਣ ਰਿਹਾ ਹੈ। ਇਸ ਲਈ ਸਭ ਖੇਤਰਾਂ- ਭਾਵੇਂ ਉਹ ਧਾਰਮਿਕ ਹੋਵੇ ਜਾਂ ਸਮਾਜਿਕ ਹੋਵੇ, ਕੰਮ-ਕਾਜ ਨਾਲ ਜੁੜੇ ਵੱਖ-ਵੱਖ ਖੇਤਰਾਂ ਸਮੇਤ ਜ਼ਰੂਰੀ ਜਾਂ ਨਿੱਕ-ਸੁੱਕ ਖੇਤਰ ਹੋਣ, ਸਭ ਇਸ ਦਾ ਹਿੱਸਾ ਹਨ। ਇੱਥੋਂ ਤੱਕ ਕੇ ਸਿਆਸੀ ਖੇਤਰ ਹੋਰਨਾਂ ਸਭਨਾਂ ਖੇਤਰਾਂ ਵਿੱਚ ਵਧੇਰੇ ਅਸਰ-ਅੰਦਾਜ਼ ਹੋ ਜਾਣ ਕਾਰਨ ਪ੍ਰਸਥਿਤੀਆਂ ਵਿੱਚ ਲੰਮੇ ਸਮੇਂ ਤੋਂ ਗੁੱਝੀ ਉਥਲ-ਪੁਥਲ ਹੁੰਦੀ ਆ ਰਹੀ ਹੈ, ਜੋ ਅਲੱਗ ਕਿਸਮ ਦਾ ਇਤਿਹਾਸ ਸਿਰਜ ਰਹੀ ਹੈ। ਇਸ ਦੇ ਸਿੱਟੇ ਪ੍ਰਤੱਖ ਦੇਖੇ ਜਾ ਸਕਦੇ ਹਨ ਤੇ ਅਫਸੋਸ! ਭਵਿੱਖ ਇਸ ਦੇ ਕਰੂਰ ਰੂਪਾਂ ਨਾਲ ਭਰਿਆ ਮਿਲੇਗਾ, ਕਿਉਂਕਿ ਅੱਜ ਦਾ ਬੀਜਿਆ ਕੱਲ੍ਹ ਨੂੰ ਕੱਟਣਾ ਪਵੇਗਾ।

ਕਿਸੇ ਨੇ ਸੱਚ ਕਿਹਾ ਹੈ ਕਿ ਲੋਕ ਕਸਵੱਟੀ ਹੁੰਦੇ ਹਨ, ਫੈਸਲੇ ਲੋਕਾਂ ਨੇ ਲੈਣੇ ਹੁੰਦੇ ਹਨ ਅਤੇ ਗਲਤ-ਸਹੀ ਦੀ ਪਛਾਣ ਵਕਤ ਕਰਦਾ ਹੈ; ਪਰ ਅਸਲ ਕਸਵੱਟੀ ਸਹੀ ਤੇ ਨਿਰਪੱਖ ਸੋਚ ਵਾਲੇ ਲੋਕ ਹੀ ਹੁੰਦੇ ਹਨ। ਖ਼ੈਰ! ਅਸੀਂ ਵੀ "ਪੰਜਾਬੀ ਪਰਵਾਜ਼" ਦਾ ਪਹਿਲਾ ਵੈਬ-ਅੰਕ ਲੈ ਕੇ ਪਾਠਕਾਂ/ਭਾਈਚਾਰੇ ਦੀ ਕਚਹਿਰੀ ਵਿੱਚ ਹਾਜ਼ਰ ਹੋਏ ਹਾਂ ਅਤੇ ਇਸ ਰਾਹੀਂ ਵੱਖ-ਵੱਖ ਤਰ੍ਹਾਂ ਦੀ ਸਮੱਗਰੀ ਦੀ ਪਾਠਕਾਂ ਨਾਲ ਸਾਂਝ ਪੁਆਉਣ ਦੀ ਇਹ ਨਿਮਾਣੀ ਜਿਹੀ ਕੋਸ਼ਿਸ਼ ਹੈ। "ਪੰਜਾਬੀ ਪਰਵਾਜ਼" ਨੇ ਪੱਤਰਕਾਰਤਾ ਦੇ ਪਿੜ ਵਿੱਚ ਇਹ ਛੋਟਾ ਜਿਹਾ ਕਦਮ ਆਪਣੇ ਸਾਥੀ ਲੇਖਕਾਂ ਅਤੇ ਕਰੀਬੀ ਸੱਜਣਾਂ ਦੇ ਸਹਿਯੋਗ ਨਾਲ ਧਰਿਆ ਹੈ। ਵੱਡੇ-ਵੱਡੇ ਦਾਅਵਿਆਂ ਤੇ ਵਾਅਦਿਆਂ ਨੂੰ ਆਧਾਰ ਬਣਾਏ ਬਿਨਾ ਅਤੇ ਭਾਈਚਾਰਕ ਸਾਂਝ ਪ੍ਰਤੀ ਜ਼ਿੰਮੇਵਾਰੀ ਨਿਭਾਉਣ ਦੀ ਕੋਸ਼ਿਸ਼ ਕਰਦਿਆਂ "ਪੰਜਾਬੀ ਪਰਵਾਜ਼" ਦੇ ਪੰਨਿਆਂ ਉਤੇ ਬੌਧਿਕ ਵਿਚਾਰਾਂ ਸਮੇਤ ਵੱਖ-ਵੱਖ ਵਿਸ਼ਿਆਂ ਨਾਲ ਸਬੰਧਤ ਚਰਚਾਵਾਂ ਅਤੇ ਭਾਈਚਾਰਕ, ਸਮਾਜਿਕ, ਧਾਰਮਿਕ ਤੇ ਸਿਆਸੀ ਸਰਗਰਮੀਆਂ ਨੂੰ ਬਿਨਾ ਉਕਸਾਊ ਭਾਸ਼ਾ ਵਰਤਿਆਂ ਪਾਠਕਾਂ ਅੱਗੇ ਪੇਸ਼ ਕਰਨ ਪ੍ਰਤੀ ਪਹੁੰਚ ਅਪਨਾਉਣ ਦਾ ਤਹੱਈਆ ਹੈ। ਵੱਖ-ਵੱਖ ਧਿਰਾਂ ਦੀ ਗੱਲ ਨੂੰ ਵਿਚਾਰ-ਚਰਚਾ/ਵਿਚਾਰ-ਵਟਾਂਦਰੇ ਦੇ ਮਕਸਦ ਨਾਲ ਇੱਕ ਮੰਚ ਉਤੇ ਮੁਹੱਈਆ ਕਰਵਾਉਣ ਦੇ ਨਾਲ ਨਾਲ ਵੱਖ-ਵੱਖ ਮੁੱਦਿਆਂ, ਵਿਚਾਰਾਂ ਤੇ ਜਾਣਕਾਰੀ ਵਾਲੀਆਂ ਲਿਖਤਾਂ ਸਮੇਂ ਸਮੇਂ ਪ੍ਰਕਾਸ਼ਿਤ ਕਰਨੀਆਂ "ਪੰਜਾਬੀ ਪਰਵਾਜ਼" ਦੀ ਕਾਰਜਸ਼ੈਲੀ ਦਾ ਹਿੱਸਾ ਹੋਵੇਗੀ। ਉੱਚੀਆਂ-ਸੁੱਚੀਆਂ ਤੇ ਲੋਕ ਪੱਖੀ ਸੋਚਾਂ ਵਾਲੀਆਂ ਕਲਮਾਂ ਨੂੰ ਛਾਪਣਾ ਸਾਡਾ ਸੁਭਾਗ ਹੋਵੇਗਾ, ਪਰ ਇਸ ਦਾ ਇਹ ਮਤਲਬ ਉੱਕਾ ਹੀ ਨਹੀਂ ਕਿ ਅਸੀਂ ਨਵੀਆਂ ਕਲਮਾਂ ਨੂੰ ਥਾਂ ਨਹੀਂ ਦੇਵਾਂਗੇ; ਸਗੋਂ ਨਵੇਂ-ਪੁਰਾਣੇ ਸਾਹਿਤ, ਰਚਨਾਵਾਂ ਦੀ ਜੁਗਲਬੰਦੀ ਬਣਾ ਕੇ ਭਾਂਤ-ਸੁਭਾਂਤੀਆਂ ਲਿਖਤਾਂ ਨੂੰ ਪਹਿਲ ਦੇ ਆਧਾਰ 'ਤੇ ਵੈਬ-ਪੰਨਿਆਂ ਦਾ ਸ਼ਿੰਗਾਰ ਬਣਾਉਣ ਦੀ ਕੋਸ਼ਿਸ਼ ਤਾਂ ਜ਼ਰੂਰ ਹੀ ਕਰਾਂਗੇ।

ਖੇਡਾਂ ਤੇ ਮਨੋਰੰਜਨ ਭਰਪੂਰ ਲਿਖਤਾਂ ਦੇ ਨਾਲ ਨਾਲ ਭਾਈਚਾਰੇ ਦੇ ਉਦਮੀ ਤੇ ਅਦਬੀ ਲੋਕਾਂ ਦੇ 'ਚਿੱਤਰ ਲੇਖ' ਜਾਂ ਵੱਖ-ਵੱਖ ਖੇਤਰਾਂ ਵਿੱਚ ਨਾਮਣਾ ਖੱਟਣ ਵਾਲੀਆਂ ਸ਼ਖਸੀਅਤਾਂ ਤੇ ਸੰਸਥਾਵਾਂ ਬਾਰੇ ਗਾਹੇ-ਬਗਾਹੇ ਛੋਟੇ-ਵੱਡੇ ਲੇਖਾਂ ਰਾਹੀਂ ਹਾਜ਼ਰੀ ਲੁਆਉਣਾ ਵੀ ਆਪਣੀ ਕਾਰਜ-ਸੂਚੀ ਵਿੱਚ ਸ਼ਾਮਲ ਕੀਤਾ ਹੈ। ਸਮੀਖਿਆ, ਅਨੁਭਵ, ਜ਼ਿੰਦਗੀ ਦੇ ਖੱਟੇ-ਮਿੱਠੇ ਸਬਕ ਆਦਿ ਨਿੱਕੀਆਂ-ਵੱਡੀਆਂ ਪਰਵਾਜ਼ਾਂ ਨੂੰ ਵੀ "ਪੰਜਾਬੀ ਪਰਵਾਜ਼" ਵਿੱਚ ਪੂਰੀ ਪੂਰੀ ਥਾਂ ਦੇਣ ਦਾ ਯਤਨ ਕੀਤਾ ਜਾਵੇਗਾ; ਯਾਨਿ ਵੱਖ ਵੱਖ ਰੰਗਾਂ ਨੂੰ ਮਿਲਾ ਕੇ ਸੱਤਰੰਗੀ ਪੀਂਘ ਚੜ੍ਹਾਉਣ ਦੀ ਕੋਸ਼ਿਸ਼ ਕਰਾਂਗੇ। ਇਸ ਵਿਚ ਕੀ ਚੰਗਾਂ ਜਾਂ ਕੀ ਮਾੜਾ (ਹਲਕੇ ਪੱਧਰ ਦਾ) ਛਪਦਾ ਹੈ, ਇਸ ਦਾ ਫੈਸਲਾ ਸੁਹਿਰਦ ਪਾਠਕਾਂ, ਸਹਿਯੋਗੀਆਂ, ਜਾਣਕਾਰਾਂ ਜਾਂ ਮੀਡੀਆ ਖੇਤਰ ਨਾਲ ਜੁੜੀਆਂ ਸ਼ਖਸੀਅਤਾਂ ਦੇ ਨਾਲ ਨਾਲ ਸਾਹਿਤਕ, ਸਮਾਜਿਕ ਤੇ ਭਾਈਚਾਰਕ ਸ਼ਖਸੀਅਤਾਂ ਨੇ ਕਰਨਾ ਹੈ।

"ਪੰਜਾਬੀ ਪਰਵਾਜ਼" ਨੂੰ ਕਿਸੇ ਇੱਕ ਧਿਰ, ਇੱਕ ਵਿਚਾਰਧਾਰਾ ਜਾਂ ਕਿਸੇ ਇੱਕ ਖੇਤਰ ਨਾਲ ਸਬੰਧਤ ਨਾ ਰੱਖ ਕੇ ਵੱਖ-ਵੱਖ ਵਿਸ਼ਿਆਂ, ਵਿਚਾਰਾਂ, ਧਿਰਾਂ, ਖੇਤਰਾਂ ਨਾਲ ਸਬੰਧਤ ਸਰਗਰਮੀਆਂ ਨੂੰ ਥਾਂ ਦੇਣ ਦੀ ਵਿਉਂਤਬੰਦੀ ਕਰਨਾ ਸਾਡੀ ਪਹਿਲ ਹੋਵੇਗੀ; ਇਹ ਸਾਡਾ ਫਰਜ਼ ਵੀ ਹੈ ਤੇ ਇਹ ਸਾਡਾ ਟੀਚਾ ਵੀ ਹੈ। ਇਸ ਸਫਰ 'ਤੇ ਸਾਨੂੰ ਪਾਠਕਾਂ, ਲੇਖਕਾਂ, ਸਾਹਿਤਕਾਰਾਂ, ਪੱਤਰਕਾਰਾਂ, ਪੜਚੋਲਕਰਤਾਵਾਂ, ਸਹਿਯੋਗੀਆਂ-ਭਾਵ ਸਭਨਾਂ ਦੇ ਸਹਿਯੋਗ ਦੀ ਬੇਅੰਤ ਲੋੜ ਪਵੇਗੀ ਤਾਂ ਜੋ ਪੰਜਾਬੀ ਬੋਲੀ ਵਿੱਚ ਸੇਵਾ ਨਿਭਾਉਂਦਿਆਂ ਪੰਜਾਬੀ ਭਾਸ਼ਾ ਪ੍ਰਤੀ ਆਪਣਾ ਤੇ ਤੁਹਾਡਾ ਲਗਾਓ ਬਰਕਰਾਰ ਰੱਖਣ ਅਤੇ ਆਪਣੀ ਅਗਲੀ ਪੀੜ੍ਹੀ ਨੂੰ ਨਾਲ ਜੋੜਨ ਲਈ ਸਿਰਜਣਾਤਮਿਕ ਯਤਨ ਕਰਦੇ ਰਹੀਏ। "ਪੰਜਾਬੀ ਪਰਵਾਜ਼" ਦੇ ਅਗਲੇ ਅੰਕ ਲਈ ਤਰੱਦਦ ਜਾਰੀ ਰਹੇਗਾ ਤੇ ਤੁਹਾਡੇ ਹਾਂਦਰੂ ਹੁੰਗਾਰੇ ਦੀ ਉਡੀਕ ਵੀ...।

## ਅੰਦਰਲੇ ਪੰਨਿਆਂ 'ਤੇ ਪੜ੍ਹੋ


ਸਿੱਖੀ ਦੇ ਰਾਹ ਚੱਲਣਾ ਤਾਂ ਸਿੱਖਿਆ ਜ਼ਰੂਰੀ: ਡਾ. ਸਵੈਮਾਨ ਸਿੰਘ *(ਪੰਨਾ 2)*

ਵੱਕਾਰੀ ਦੰਗਲ *(ਪੰਨਾ 3)*

ਤੁਸੀਂ ਇਤਿਹਾਸ 'ਤੇ ਪੋਚਾ ਨਹੀਂ ਮਾਰ ਸਕਦੇ *(ਪੰਨਾ 4)*

ਲੋਕਾਂ ਦਾ ਸੱਚਾ-ਸੁੱਚਾ ਹਮਦਰਦ ਸੀ ਬਾਬਾ ਸੋਹਣ ਸਿੰਘ ਭਕਨਾ *(ਪੰਨਾ 4)*

ਗੋਲਡ ਮੈਡਲ ਫੁੰਡਣ ਵਾਲਾ ਜੈਵਲਿਨ ਥਰੋਅਰ ਨੀਰਜ ਚੋਪੜਾ *(ਪੰਨਾ 5)*

ਦੁਨੀਆਂ ਦਾ ਮਹਾਨ ਆਰਕੀਟੈਕਟ ਭਾਈ ਰਾਮ ਸਿੰਘ *(ਪੰਨਾ 6)*

ਸਿੱਖਾਂ ਦਾ 'ਸ਼੍ਰੋਮਣੀ ਸ਼ਹੀਦ' ਬਾਬਾ ਬੰਦਾ ਸਿੰਘ ਬਹਾਦਰ *(ਪੰਨਾ 7)*

ਰੋਜ਼ ਡੇਅ: ਕਹਾਣੀ *(ਪੰਨਾ 8)*

ਗਿਆਨੀ ਜ਼ੈਲ ਸਿੰਘ ਨੇ ਅਸਤੀਫਾ ਕਿਉਂ ਨਾ ਦਿੱਤਾ? *(ਪੰਨਾ 10)*


## ਜ਼ਰੂਰੀ

'ਪੰਜਾਬੀ ਪਰਵਾਜ਼' ਵਿੱਚ ਵੱਖ-ਵੱਖ ਲੇਖਕਾਂ ਦੇ ਲੇਖ ਸਿਰਫ ਵਿਚਾਰਾਂ ਦੇ ਵਟਾਂਦਰੇ ਅਤੇ ਇੱਕ-ਦੂਜੇ ਤੱਕ ਜਾਣਕਾਰੀ ਜਾਂ ਅਨੁਭਵ ਪਹੁੰਚਦੇ ਕਰਨ ਦੇ ਮਕਸਦ ਨਾਲ ਛਾਪੇ ਗਏ ਹਨ। ਲੇਖਾਂ ਵਿਚਲੇ ਵਿਚਾਰਾਂ/ਤੱਥਾਂ ਨਾਲ ਸਹਿਮਤ ਹੋਣਾ ਜਾਂ ਨਾ ਹੋਣਾ ਪਾਠਕਾਂ ਦਾ ਨਿੱਜੀ ਮਸਲਾ ਹੈ। ਲੇਖਾਂ/ਰਚਨਾਵਾਂ ਵਿੱਚ ਹਲਕੀ ਕਿਸਮ ਦੀ ਭਾਸ਼ਾ ਤੋਂ ਗੁਰੇਜ ਕਰਨਾ ਅਤੇ ਲੋਕ-ਪੱਖੀ ਤੇ ਮਿਆਰੀ ਲਿਖਤਾਂ ਨੂੰ ਪਾਠਕਾਂ ਤੱਕ ਪੁੱਜਦਾ ਕਰਨਾ 'ਪੰਜਾਬੀ ਪਰਵਾਜ਼' ਦੀ ਪਹਿਲ ਹੋਵੇਗੀ।

**ਨੋਟ: ਲੇਖਕ ਆਪਣੀਆਂ ਲਿਖਤਾਂ ਅਤੇ ਪਾਠਕ ਆਪਣੇ ਵਿਚਾਰ "ਪੰਜਾਬੀ ਪਰਵਾਜ਼" ਦੀ ਈਮੇਲ punjabiparwaz@gmail.com ਉਤੇ ਭੇਜ ਸਕਦੇ ਹਨ।**

# ਸਿੱਖੀ ਦੇ ਰਾਹ ਚੱਲਣਾ ਤਾਂ ਸਿੱਖਿਆ ਜ਼ਰੂਰੀ: ਡਾ. ਸਵੈਮਾਨ ਸਿੰਘ

ਕੁਲਜੀਤ ਦਿਆਲਪੁਰੀ

**ਸ਼ਿਕਾਗੋ:** ਕਿਸਾਨ ਅੰਦੋਲਨ ਦੌਰਾਨ ਮਾਨਵਤਾ ਪ੍ਰਤੀ ਆਪਣੀਆਂ ਸੇਵਾਵਾਂ ਕਰ ਕੇ ਚਰਚਾ ਵਿੱਚ ਆਏ ਦਿਲ ਦੀਆਂ ਬਿਮਾਰੀਆਂ ਦੇ ਡਾਕਟਰ ਸਵੈਮਾਨ ਸਿੰਘ ਪੱਖੋਕੇ ਨੇ ਗੁਰਦੁਆਰਾ ਪੈਲਾਟਾਈਨ ਵਿਖੇ ਸੰਗਤਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਜੇ ਸਾਨੂੰ 'ਸਿੱਖੀ' ਦੇ ਰਾਹ ਚੱਲਣਾ ਹੈ ਤਾਂ 'ਸਿੱਖਿਆ' (ਐਜੂਕੇਸ਼ਨ) ਬਹੁਤ ਜ਼ਰੂਰੀ ਹੈ। ਸਕੂਲੀ ਸਿੱਖਿਆ ਦੇ ਨਾਲ ਨਾਲ ਸਮਾਜ ਪ੍ਰਤੀ ਜ਼ਿੰਮੇਵਾਰੀਆਂ ਦੀ ਸਿੱਖਿਆ ਵੀ ਆਪਣੇ ਬੱਚਿਆਂ ਨੂੰ ਦੇਣਾ ਸਾਡਾ ਫਰਜ਼ ਬਣਦਾ ਹੈ। ਉਨ੍ਹਾਂ ਕਿਹਾ ਕਿ ਸੋਸ਼ਲ ਮੀਡੀਆ ਉਤੇ ਜਦੋਂ ਵੇਖਦਾ ਹਾਂ ਤਾਂ ਇਹੋ ਸਾਹਮਣੇ ਆਉਂਦਾ ਹੈ ਕਿ ਪੰਜਾਬ 'ਚ ਬੱਚੇ ਪੜ੍ਹਦੇ ਨਹੀਂ, ਪਰ ਮੈਂ ਇੱਥੇ ਜਦੋਂ ਗੁਰੂਘਰਾਂ ਜਾਂ ਵੱਖ ਵੱਖ ਥਾਂਵਾਂ ਉਤੇ ਜਾਂਦਾ ਹਾਂ ਤਾਂ ਪਤਾ ਲੱਗਦਾ ਹੈ ਕਿ ਬੱਚੇ ਪੜ੍ਹਾਈ ਵਿੱਚ ਅੱਗੇ ਹਨ। ਉਹ ਡਾਕਟਰੀ, ਸਾਇੰਸ, ਮੈਥ ਜਾਂ ਹੋਰ ਵਿਸ਼ਿਆਂ ਰਾਹੀਂ ਖੇਤਰਾਂ ਵਿੱਚ ਆਪਣੀ ਥਾਂ ਬਣਾ ਰਹੇ ਹਨ। ਮੈਂ ਤਾਂ ਇਹੋ ਕਹਾਂਗਾ ਕਿ ਜੇ ਉਹ ਪੜ੍ਹਾਈ ਨਾਲ ਜੁੜੇ ਹੋਏ ਹਨ ਤਾਂ ਗੁਰੂ ਨਾਨਕ ਸਾਹਿਬ ਦੀ ਸੋਚ ਨਾਲ ਜੁੜੇ ਹੋਏ ਹਨ। ਉਨ੍ਹਾਂ ਕਿਹਾ ਕਿ ਜੇ ਅਸੀਂ ਸੇਵਾ ਕਰਨੀ ਚਾਹੁੰਦੇ ਹਾਂ ਤਾਂ ਕਿਰਤ ਤੋਂ ਦੂਰ ਨਹੀਂ ਹੋ ਸਕਦੇ, ਕਿਉਂਕਿ ਜੇ ਅਸੀਂ ਕਿਰਤ ਨਹੀਂ ਕਰਦੇ ਤਾਂ ਸੇਵਾ ਨਹੀਂ ਕਰ ਸਕਦੇ।

ਡਾ. ਸਵੈਮਾਨ ਸਿੰਘ ਨੇ ਕਿਹਾ ਕਿ ਸਮਾਜ ਪੱਖੀ ਲੜਾਈਆਂ- ਇਨ੍ਹਾਂ ਨੂੰ ਇਨਕਲਾਬ ਕਹਿ ਲਓ ਜਾਂ ਅੰਦੋਲਨ ਤੇ ਮੋਰਚੇ ਕਹਿ ਲਓ, ਮਨੁੱਖਤਾ ਦੀ ਇਹ ਲੜਾਈ ਗੁਰੂ ਨਾਨਕ ਪਾਤਸ਼ਾਹ ਦੇ ਵੇਲੇ ਤੋਂ ਚੱਲੀ ਆ ਰਹੀ ਹੈ। ਕਿਸਾਨ ਸੰਘਰਸ਼ ਦੌਰਾਨ ਜਿਸ ਤਰ੍ਹਾਂ ਦਾ ਮਾਹੌਲ ਬਣ ਗਿਆ ਸੀ, ਇੱਕ ਵਾਰ ਤਾਂ ਇਸ ਤਰ੍ਹਾਂ ਲੱਗਦਾ ਸੀ ਕਿ ਅਸੀਂ ਸਭ ਕੁਝ ਪਾ ਲਿਆ ਹੈ, ਪਰ ਅਜਿਹਾ ਨਹੀਂ; ਕਿਉਂਕਿ ਮਨੁੱਖਤਾ ਦੀ ਲੜਾਈ ਚੱਲਦੀ ਰਹਿੰਦੀ ਹੈ, ਜੋ ਅੱਜ ਵੀ ਜਾਰੀ ਹੈ। ਪੰਜਾਬ ਵਿੱਚ ਜੀਰਾ ਮੋਰਚਾ ਅਤੇ ਦਿੱਲੀ ਵਿੱਚ ਯੂਨੀਅਨ ਮਨਿਸਟਰ ਖ਼ਿਲਾਫ਼ ਲੱਗਿਆ ਮੋਰਚਾ ਇਸ ਦੀ ਮਿਸਾਲ ਹਨ। ਉਨ੍ਹਾਂ ਕਿਹਾ ਕਿ ਤੁਸੀਂ ਵੀ ਉਸ ਦਾ ਹਿੱਸਾ ਬਣਨਾ ਯਕੀਨੀ ਬਣਾਓ, ਕਿਸੇ ਵੀ ਤਰੀਕੇ ਨਾਲ ਆਪਣਾ ਯੋਗਦਾਨ ਪਾ ਕੇ।

ਉਨ੍ਹਾਂ ਕਿਹਾ ਕਿ ਜੇ ਅਸੀਂ ਚਾਹੁੰਦੇ ਹਾਂ ਕਿ ਸਾਡੀਆਂ ਧੀਆਂ-ਭੈਣਾਂ, ਜਿਹੜੀਆਂ ਪੰਜਾਬ ਵਿੱਚ ਵੱਸਦੀਆਂ ਹਨ, ਉਹ ਖੇਡਾਂ ਪ੍ਰਤੀ ਉਤਸ਼ਾਹੀ ਹੋਣ ਤੇ ਮੈਡਲ ਲੈ ਕੇ ਆਉਣ ਤਾਂ ਸਾਨੂੰ ਦਿੱਲੀ ਵਿੱਚ ਯੂਨੀਅਨ ਮਨਿਸਟਰ ਖ਼ਿਲਾਫ਼ ਲੱਗੇ ਮੋਰਚੇ ਦਾ ਸਹਿਯੋਗ ਕਰਨਾ ਚਾਹੀਦਾ ਹੈ। ਸਿਆਸੀ ਲੋਕ ਦੋਸ਼ੀ ਧਿਰ ਦੀ ਹਮਾਇਤ 'ਤੇ ਹਨ ਅਤੇ ਮੋਰਚੇ ਦੀ ਲੜਾਈ ਦੋਸ਼ੀ ਨੂੰ ਸਜ਼ਾ ਦਿਵਾਉਣ ਤੇ ਧੀਆਂ ਨੂੰ ਇਨਸਾਫ ਦਿਵਾਉਣ ਲਈ ਹੈ। ਉਨ੍ਹਾਂ ਕਿਹਾ ਕਿ ਸਾਡੇ ਤਾਂ ਗੁਰੂਆਂ ਨੇ ਵੀ ਉਸ ਸਮੇਂ ਦੀ ਸਿਆਸਤ ਦੇ ਖ਼ਿਲਾਫ਼ ਸਭ ਤੋਂ ਵੱਡੀ ਲੜਾਈ ਲੜੀ। ਜਿੱਥੇ ਕਿਤੇ ਵੀ ਜ਼ੁਲਮ ਹੁੰਦਾ ਹੈ- ਚਾਹੇ ਉਹ ਸਿਆਸੀ ਹੈ ਜਾਂ ਗੈਰ-ਸਿਆਸੀ ਹੈ, ਸਿੱਖਾਂ ਨੂੰ ਉਸ ਖ਼ਿਲਾਫ਼ ਆਵਾਜ਼ ਉਠਾਉਣੀ ਚਾਹੀਦੀ ਹੈ। ਉਨ੍ਹਾਂ ਅਪੀਲ ਕੀਤੀ ਕਿ ਜਿਹੜੇ ਲੋਕ ਮੋਰਚਿਆਂ ਦਾ ਹਿੱਸਾ ਬਣੇ ਹਨ, ਜੇ ਅਸੀਂ ਖੁਦ ਉਨ੍ਹਾਂ ਦੀ ਸੁਪੋਰਟ ਨਹੀਂ ਕਰ ਸਕਦੇ ਤਾਂ ਸਾਨੂੰ ਨਿੰਦਿਆ-ਵਿਰੋਧ ਤੋਂ ਵੀ ਗੁਰੇਜ ਕਰਨਾ ਚਾਹੀਦਾ ਹੈ।

## ⇒ 'ਸਾਨੂੰ ਜ਼ੁਲਮ ਦੇ ਖਿਲਾਫ ਬੋਲਣਾ ਚਾਹੀਦਾ ਹੈ'

ਡਾ. ਸਵੈਮਾਨ ਸਿੰਘ ਨੇ ਜੀਰਾ ਤੇ ਦਿੱਲੀ ਮੋਰਚੇ ਦੇ ਹਵਾਲੇ ਨਾਲ ਭਾਵੁਕ ਗੁਹਾਰ ਲਾਈ ਕਿ ਜਿਹੜੇ ਲੋਕ ਤੇ ਉਨ੍ਹਾਂ ਦੇ ਪਰਿਵਾਰਕ ਮੈਂਬਰ ਗੰਦਾ ਪਾਣੀ ਪੀ-ਪੀ ਮਰ ਰਹੇ ਹਨ ਤੇ ਕੈਂਸਰ ਦੀ ਬਿਮਾਰੀ ਤੋਂ ਪੀੜਤ ਹੋ ਰਹੇ ਹਨ ਜਾਂ ਜਿਨ੍ਹਾਂ ਦੀਆਂ ਧੀਆਂ ਨਾਲ ਜੋ ਕੁਝ ਵਾਪਰਿਆ ਹੈ, ਉਨ੍ਹਾਂ ਦਾ ਦਰਦ ਸਮਝੋ ਕਿ ਉਹ ਮੋਰਚੇ ਲਾਉਣ ਲਈ ਕਿਉਂ ਮਜਬੂਰ ਹਨ! ਉਨ੍ਹਾਂ ਕਿਹਾ ਕਿ ਜੀਰਾ ਵਿੱਚ ਮੋਰਚਾ ਲੋਕਾਂ ਦੇ ਹੱਕਾਂ ਲਈ ਲੱਗਿਆ ਹੋਇਆ ਹੈ, ਕਿਉਂਕਿ ਸਨਅਤੀ ਪ੍ਰਦੂਸ਼ਨ ਕਾਰਨ ਉਥੋਂ ਦੇ ਲੋਕ ਪਿਛਲੇ ਵੀਹ ਸਾਲਾਂ ਤੋਂ ਜ਼ਹਿਰੀ ਪਾਣੀ ਪੀ ਰਹੇ ਹਨ। ਉਨ੍ਹਾਂ ਕਿਹਾ ਕਿ ਜਿਨ੍ਹਾਂ ਫੈਕਟਰੀਆਂ ਨੇ ਸਾਡੇ ਲੋਕਾਂ ਦਾ ਜੀਣਾ ਮੁਸ਼ਕਿਲ ਕਰ ਦੇਣਾ ਹੈ, ਇਥੋਂ ਤੱਕ ਕੇ ਸਾਡਾ ਡੀ.ਐਨ.ਏ. ਵੀ ਬਦਲ ਦੇਣਾ ਹੈ, ਉਹ ਫੈਕਟਰੀਆਂ ਪੰਜਾਬ ਨੂੰ ਨਹੀਂ ਚਾਹੀਦੀਆਂ। ਉਨ੍ਹਾਂ ਅਪੀਲ ਕੀਤੀ ਕਿ ਸਾਨੂੰ ਸਿੱਖ ਹੋਣ ਦੇ ਨਾਤੇ ਜ਼ੁਲਮ ਖ਼ਿਲਾਫ਼ ਬੋਲਣਾ ਚਾਹੀਦਾ ਹੈ ਤੇ ਆਪਣੇ ਬੱਚਿਆਂ ਨੂੰ ਬੋਲਣ ਦੀ ਆਜ਼ਾਦੀ ਦੇਣੀ ਚਾਹੀਦੀ ਹੈ। ਉਨ੍ਹਾਂ ਇਸ ਗੱਲ ਉਤੇ ਜ਼ੋਰ ਦਿੱਤਾ ਕਿ ਜੇ ਸਾਨੂੰ ਗੁਰੂ ਸਾਹਿਬਾਨ ਦੇ ਆਦੇਸ਼ ਉਤੇ ਚੱਲਣਾ ਹੈ ਤਾਂ ਸਾਨੂੰ ਜ਼ੁਲਮ ਖ਼ਿਲਾਫ਼ ਬੋਲਣਾ ਹੀ ਪੈਣਾ ਹੈ!

ਉਨ੍ਹਾਂ ਕਿਹਾ ਕਿ ਜਦੋਂ ਮੈਂ ਵੱਖ ਵੱਖ ਥਾਂਵਾਂ ਉਤੇ ਜਾਂਦਾ ਹਾਂ ਤੇ ਕਿਸਾਨ ਸੰਘਰਸ਼ ਬਾਰੇ ਸੰਗਤ ਦੀਆਂ ਗੱਲਾਂ ਸੁਣਦਾ ਹਾਂ ਜਾਂ ਜਦੋਂ ਲੋਕ ਦੱਸਦੇ ਹਨ ਕਿ ਉਹ ਵੀ ਕਿਸਾਨ ਸੰਘਰਸ਼ ਨਾਲ ਕਿਸੇ ਨਾ ਕਿਸੇ ਰੂਪ ਵਿੱਚ ਜੁੜੇ ਰਹੇ ਹਨ ਤਾਂ ਇਹ ਸਭ ਭਾਵਨਾਵਾਂ ਮੇਰੇ ਲਈ ਖਾਸ ਹੁੰਦੀਆਂ ਹਨ। ਸਾਡੀ ਟੀਮ ਜੀਰੇ ਮੋਰਚੇ 'ਤੇ ਕੰਮ ਕਰਦੀ ਹੈ ਤੇ ਮੈਂ ਮੋਰਚੇ ਦੇ ਸਹਿਯੋਗ ਲਈ ਇੱਥੇ ਵਾਧੂ ਕੰਮ ਕਰਦਾ ਹਾਂ। ਕਿਸਾਨ ਮੋਰਚੇ ਸਮੇਂ ਵੀ ਦੇਸ-ਪਰਦੇਸ ਦੀ ਸੰਗਤ ਵੱਖ ਵੱਖ ਰੂਪਾਂ ਵਿੱਚ ਆਪਣਾ ਯੋਗਦਾਨ ਪਾਉਂਦੀ ਰਹੀ ਹੈ।

ਡਾ. ਸਵੈਮਾਨ ਸਿੰਘ ਨੇ ਕਿਹਾ ਕਿ ਫਾਈਵ (5) ਰਿਵਰਜ਼ ਹਰਟ ਐਸੋਸੀਏਸ਼ਨ ਦਾ ਟੀਚਾ ਐਜੂਕੇਸ਼ਨ ਅਤੇ ਹੈਲਥ ਦਾ ਹੈ। ਅਸੀਂ ਪੰਜਾਬ ਵਿੱਚ ਕੰਮ ਕਰ ਰਹੇ ਹਾਂ ਅਤੇ ਇੱਥੇ ਵੀ ਵੱਖ ਵੱਖ ਸਮਾਗਮਾਂ ਤੇ ਗੁਰੂਘਰਾਂ ਵਿੱਚ ਜਾ ਕੇ ਸੇਵਾ ਨਿਭਾਅ ਰਹੇ ਹਾਂ। ਉਨ੍ਹਾਂ ਕਿਹਾ, ਮੇਰੀ ਕੋਸ਼ਿਸ਼ ਹੁੰਦੀ ਹੈ ਕਿ ਪੰਜਾਬ ਵਿੱਚ ਜੋ ਕੁਝ ਕਿਸਾਨਾਂ ਜਾਂ ਆਮ ਲੋਕਾਂ ਨਾਲ ਵਾਪਰ ਰਿਹਾ ਹੈ, ਉਸ ਦੀ ਆਵਾਜ਼ ਪਰਵਾਸੀ ਭਾਈਚਾਰੇ ਤੱਕ ਪਹੁੰਚਾਈ ਜਾਵੇ। ਡਾ. ਸਵੈਮਾਨ ਸਿੰਘ ਮੁਤਾਬਿਕ ਜਦੋਂ ਉਨ੍ਹਾਂ ਅਮਰੀਕਾ ਵਿੱਚ ਕਿਸਾਨ ਅੰਦੋਲਨ ਦੀ ਇੱਕ ਵੀਡੀਓ ਵੇਖੀ, ਜਿਸ ਵਿੱਚ ਬਜ਼ੁਰਗ, ਬੱਚੇ ਅਤੇ ਬੀਬੀਆਂ ਕੜਾਕੇ ਦੀ ਠੰਡ ਵਿੱਚ ਡਟੇ ਹੋਏ ਸਨ ਤਾਂ ਉਸੇ ਵਕਤ ਉਨ੍ਹਾਂ ਨੇ ਅੰਦੋਲਨ ਵਿੱਚ ਆ ਕੇ ਸਿਹਤ ਸਹੂਲਤਾਂ ਦੇਣ ਦਾ ਫੈਸਲਾ ਕੀਤਾ



ਅਤੇ ਮਨ ਵਿੱਚ ਸੋਚਿਆ ਕਿ ਮੇਰੇ ਡਾਕਟਰ ਹੋਣ ਦਾ ਕੀ ਲਾਭ, ਜੇ ਮੈਂ ਆਪਣਿਆਂ ਦੇ ਕੰਮ ਨਾ ਆ ਸਕਾਂ! ਜਦੋਂ ਉਹ ਅਮਰੀਕਾ ਤੋਂ ਆਏ ਸਨ ਤਾਂ ਉਹ ਆਪਣੀ ਸੰਸਥਾ ਵੱਲੋਂ ਅੰਦੋਲਨ ਵਿੱਚ ਹਿੱਸਾ ਲੈ ਰਹੇ ਲੋਕਾਂ ਦੀ ਸਿਹਤ ਲਈ ਮੈਡੀਕਲ ਸਹੂਲਤ ਦੇਣ ਦੇ ਮੰਤਵ ਨਾਲ ਪਹੁੰਚੇ।

ਜ਼ਿਕਰਯੋਗ ਹੈ ਕਿ ਕਿਸਾਨ ਅੰਦੋਲਨ ਦੌਰਾਨ ਟਿਕਰੀ ਸਰਹੱਦ 'ਤੇ ਡਾ. ਸਵੈਮਾਨ ਸਿੰਘ ਪੱਖੋਕੇ ਆਪਣੇ ਬਣਾਏ ਹਸਪਤਾਲ ਵਿੱਚ ਰੋਜ਼ਾਨਾ ਸੈਂਕੜੇ ਮਰੀਜ ਦੇਖਦੇ ਰਹੇ ਅਤੇ ਹਸਪਤਾਲ ਦੇ ਕੰਮ ਕਾਜ ਦੀ ਨਿਗਰਾਨੀ ਆਪ ਕਰਦੇ ਰਹੇ। ਕਿਸਾਨ ਸੰਘਰਸ਼ ਦੌਰਾਨ ਉਨ੍ਹਾਂ ਧਾਰਮਿਕ ਅਤੇ ਦੇਸ਼ ਭਗਤੀ ਦੀਆਂ ਪੁਸਤਕਾਂ ਦਾ ਲੰਗਰ ਵੀ ਲਾਇਆ ਹੋਇਆ ਸੀ। ਡਾ. ਸਵੈਮਾਨ ਸਿੰਘ ਆਪਣੀ ਨੌਕਰੀ ਛੱਡ ਕੇ ਕਿਸਾਨ ਸੰਘਰਸ਼ ਵਿੱਚ ਸ਼ਾਮਲ ਹੋਏ ਸਨ। ਸੇਵਾ ਦੌਰਾਨ ਉਥੇ ਉਨ੍ਹਾਂ ਔਰਤਾਂ ਦੇ ਠਹਿਰਨ ਲਈ ਇਕ ਰੈਣ ਬਸੇਰਾ 'ਪਿੰਡ ਕੈਲੀਫੋਰਨੀਆ' ਬਣਵਾਇਆ ਸੀ, ਜਿਸ ਵਿੱਚ ਵਿਸ਼ੇਸ਼ ਕਰਕੇ ਤਿੰਨ ਸਹੂਲਤਾਂ- ਸਿਖਿਆ, ਸਿਹਤ ਅਤੇ ਸਾਫ-ਸੁਥਰਾ ਵਾਤਵਰਨ ਦਿੱਤੇ ਜਾਣ ਦਾ ਪ੍ਰਬੰਧ ਕੀਤਾ ਗਿਆ ਸੀ।

ਆਪਣੀ ਤਕਰੀਰ ਪਿਛੋਂ ਡਾ. ਸਵੈਮਾਨ ਸਿੰਘ ਨੇ ਸੰਗਤ ਦੇ ਕੁਝ ਮੈਂਬਰਾਂ ਨਾਲ ਵਿਚਾਰ-ਵਟਾਂਦਰਾ ਵੀ ਕੀਤਾ। ਇਸ ਮੌਕੇ ਗੱਲਬਾਤ ਦੌਰਾਨ ਵਿਚਾਰਧਾਰਕ ਤੌਰ 'ਤੇ ਕਥਿਤ ਤਲਖੀ ਵੀ ਪੈਦਾ ਹੋ ਗਈ ਸੀ। ਮੰਡੀ ਸਿਸਟਮ, ਕਿਸਾਨਾਂ ਦੀ ਆਰਥਿਕਤਾ, ਹਰੀ ਕ੍ਰਾਂਤੀ, ਜਿਣਸਾਂ ਆਦਿ ਸਬੰਧੀ ਆਪੋ-ਆਪਣੀਆਂ ਦਲੀਲਾਂ ਸਨ। ਵਿੱਚ ਵਿੱਚ ਇਹ ਵਿਚਾਰ-ਵਟਾਂਦਰਾ ਲੀਹੋਂ ਵੀ ਲੱਥਦਾ ਰਿਹਾ, ਪਰ ਅਖੀਰ ਹੋਰ ਲੋਕਾਂ ਦੇ ਸਵਾਲ-ਜਵਾਬ ਅਤੇ ਡਾ. ਸਵੈਮਾਨ ਸਿੰਘ ਨਾਲ ਡਾਕਟਰੀ ਸਲਾਹ ਦਾ ਦੌਰ ਚੱਲਣ ਕਾਰਨ ਇਹ ਆਪਸੀ ਗੱਲਬਾਤ ਬੇਸਿੱਟਾ ਸਮਾਪਤ ਹੋ ਗਈ।

ਇਸ ਤੋਂ ਇਲਾਵਾ ਡਾ. ਸਵੈਮਾਨ ਸਿੰਘ ਨੇ ਗੁਰਦੁਆਰਾ ਪੈਲਾਟਾਈਨ ਦੇ ਪ੍ਰਬੰਧਕੀ ਬੋਰਡ ਦੇ ਪ੍ਰਧਾਨ ਜੈਰਾਮ ਸਿੰਘ ਕਾਹਲੋਂ, ਫਾਈਵ ਰਿਵਰਜ਼ ਥੀਏਟਰ ਦੇ ਗੁਰਮੁੱਖ ਸਿੰਘ ਭੁੱਲਰ, ਡਾ. ਵਿਕਰਮ ਗਿੱਲ, ਹਰਦਿਆਲ ਸਿੰਘ ਦਿਓਲ, ਹਰਬੀਰ ਸਿੰਘ ਵਿਰਕ, 'ਸਵੇਰਾ' ਸੰਸਥਾ ਦੀ ਸਰਕਰਦਾ ਬੀਬੀ ਜਸਬੀਰ ਕੌਰ ਮਾਨ ਸਮੇਤ ਸੰਗਤ ਦੇ ਹੋਰਨਾਂ ਮੈਂਬਰਾਂ ਨਾਲ ਵੀ ਵਿਚਾਰਾਂ ਦੀ ਸਾਂਝ ਪਾਈ। ਇਸ ਦੌਰਾਨ ਕਿਸਾਨ ਸੰਘਰਸ਼ ਮੌਕੇ ਸੋਸ਼ਲ ਮੀਡੀਆ ਉਤੇ ਕਿਸਾਨਾਂ ਦੇ ਹੱਕ ਵਿੱਚ ਸਰਗਰਮ ਰਹੇ ਲੋਕਾਂ ਸਮੇਤ ਨੌਜਵਾਨਾਂ ਨੇ ਡਾ. ਸਵੈਮਾਨ ਸਿੰਘ ਨਾਲ ਤਸਵੀਰਾਂ ਖਿਚਵਾਈਆਂ ਅਤੇ ਉਨ੍ਹਾਂ ਨਾਲ ਗੱਲਬਾਤ ਵੀ ਕੀਤੀ।

ਫਾਈਵ (5) ਰਿਵਰਜ਼ ਹਰਟ ਐਸੋਸੀਏਸ਼ਨ (ਡਾ. ਸਵੈਮਾਨ ਸਿੰਘ) ਅਤੇ ਸਿੱਖਸ ਇਨ ਕਲਿਨਿਕਲ ਰਿਸਰਚ (ਏਕਤਾ ਗਰੇਵਾਲ) ਵਲੋਂ ਇਸ ਮੌਕੇ ਸਾਂਝੇ ਤੌਰ 'ਤੇ ਇੱਕ ਮੈਡੀਕਲ ਕੈਂਪ ਵੀ ਲਾਇਆ ਗਿਆ, ਜਿਸ ਵਿੱਚ ਬਲੱਡ ਪ੍ਰੈਸ਼ਰ, ਸ਼ੂਗਰ ਆਦਿ ਦੇ ਚੈਕਅੱਪ ਕੀਤੇ ਗਏ। ਦੋਹਾਂ ਸੰਸਥਾਵਾਂ ਦੇ ਕਰੀਬ ਡੇਢ ਦਰਜਨ ਟੀਮ ਮੈਂਬਰਾਂ ਨੇ ਆਪੋ ਆਪਣੇ ਪੱਧਰ 'ਤੇ ਸੇਵਾਵਾਂ ਨਿਭਾਈਆਂ ਅਤੇ ਲੋਕਾਂ ਨੂੰ ਇਨ੍ਹਾਂ ਰੋਗਾਂ ਤੋਂ ਛੁਟਕਾਰਾ ਪਾਉਣ ਤੇ ਭਵਿੱਖ ਵਿੱਚ ਰੋਗ ਰਹਿਤ ਰਹਿਣ ਲਈ ਵੱਖ ਵੱਖ ਸੁਝਾਅ ਦਿੱਤੇ। ਇਸ ਤੋਂ ਇਲਾਵਾ ਦਿਲ ਦੇ ਰੋਗਾਂ ਤੋਂ ਬਚਾਓ ਲਈ ਸਿਹਤਮੰਦ ਖੁਰਾਕ ਖਾਣ ਦੀ ਨਸੀਹਤ ਵੀ ਕੀਤੀ ਗਈ। ਕੈਂਪ ਦੌਰਾਨ ਲੋਕਾਂ ਨੂੰ ਚੰਗੀ ਸਿਹਤ ਸਬੰਧੀ ਜਾਣਕਾਰੀ ਦੇਣ ਲਈ ਪੈਂਫਲਿਟ ਵੀ ਵੰਡੇ ਗਏ, ਜਿਨ੍ਹਾਂ ਉਤੇ ਸੰਤੁਲਿਤ ਭੋਜਨ ਖਾਣ, ਨਿਯਮਿਤ ਤੌਰ 'ਤੇ ਕਸਰਤ ਕਰਨ, ਭਾਰ ਘਟਾਉਣ, ਚੰਗੀ ਤੇ ਪੂਰੀ ਨੀਂਦ ਲੈਣ ਆਦਿ ਬਾਰੇ ਲਿਖਿਆ ਹੋਇਆ ਸੀ।

ਜ਼ਿਕਰਯੋਗ ਹੈ ਕਿ ਡਾ. ਸਵੈਮਾਨ ਸਿੰਘ ਨੇ ਐਮ. ਬੀ. ਬੀ. ਐਸ. ਅਮੈਰਿਕਨ ਯੂਨੀਵਰਸਿਟੀ ਆਫ ਐਨਟੀਗੂਆ ਤੋਂ, ਇਨਟਰਨਲ ਮੈਡੀਸਨ ਰੈਜੀਡੈਂਸੀ ਹਨੇਮਨ ਡਰੈਕਸਲ ਯੂਨੀਵਰਸਿਟੀ ਫਿਲਾਡੈਲਫੀਆ ਅਤੇ ਕਾਰਡੀਆਲੋਜੀ ਫੈਲੋਸ਼ਿਪ ਤੀਜਾ ਸਾਲ ਬੈਥ ਇਸਰਾਈਲ ਹਾਸਪੀਟਲ ਨਿਊ ਯਾਰਕ/ਨਿਊ ਜਰਸੀ ਵਿਖੇ ਕੀਤੀ। ਪੜ੍ਹਾਈ ਦੌਰਾਨ ਉਨ੍ਹਾਂ ਦਾ ਕੈਰੀਅਰ ਸ਼ਾਨਦਾਰ ਰਿਹਾ ਹੈ। ਜਦੋਂ ਉਹ ਡਾਕਟਰੀ ਦੀ ਪੜ੍ਹਾਈ ਕਰਦੇ ਸਨ ਤਾਂ ਇੰਗਲੈਂਡ ਵਿੱਚ ਊਧਮ ਸਿੰਘ ਦੀ ਯਾਦਗਾਰ ਕੈਕਸਟਨ ਹਾਲ ਵੇਖਣ ਗਏ ਸਨ। ਉਨ੍ਹਾਂ ਦੇ ਪੜਨਾਨਾ ਤਾਰਾ ਸਿੰਘ ਨੇ ਜੈਤੋ ਦੇ ਮੋਰਚੇ ਦੇ ਤੀਜੇ ਜਥੇ ਵਿੱਚ ਗ੍ਰਿਫਤਾਰੀ ਦਿੱਤੀ ਅਤੇ ਨਾਭਾ ਜੇਲ੍ਹ ਵਿੱਚ ਤੇਜਾ ਸਿੰਘ ਸਮੁੰਦਰੀ ਨਾਲ ਨਜ਼ਰਬੰਦ ਰਹੇ। ਇਸੇ ਤਰ੍ਹਾਂ ਉਨ੍ਹਾਂ ਦੇ ਦਾਦਾ ਜਗਜੀਤ ਸਿੰਘ ਲੰਮਾ ਸਮਾਂ ਆਪਣੇ ਪਿੰਡ ਪੱਖੋਕੇ ਦੇ ਸਰਪੰਚ ਰਹੇ ਅਤੇ ਪੰਜਾਬੀ ਸੂਬਾ ਮੋਰਚੇ ਵਿੱਚ ਹਿੱਸਾ ਲੈਂਦੇ ਰਹੇ।

ਡਾ. ਸਵੈਮਾਨ ਸਿੰਘ ਦੇ ਮਾਤਾ ਸੁਰਿੰਦਰ ਕੌਰ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਵਿਖੇ ਨੌਕਰੀ ਕਰਦੇ ਸਨ। ਮਾਤਾ-ਪਿਤਾ ਦੋਵੇਂ ਹੀ ਵਿਦਿਆਰਥੀ ਜੀਵਨ ਵਿੱਚ ਸਟੂਡੈਂਟਸ ਫੈਡਰੇਸ਼ਨ ਆਫ ਇੰਡੀਆ ਵਿੱਚ ਸਰਗਰਮ ਰਹੇ ਹਨ। ਪਿਤਾ ਜਸਵਿੰਦਰਪਾਲ ਸਿੰਘ ਤਾਂ ਇਸ ਦੀ ਪੰਜਾਬ ਇਕਾਈ ਦੇ ਪ੍ਰਧਾਨ ਸਨ ਅਤੇ ਸੁਰਿੰਦਰ ਕੌਰ ਕਾਰਜਕਾਰੀ ਮੈਂਬਰ ਰਹੇ ਹਨ।






ਡਾ. ਸਵੈਮਾਨ ਸਿੰਘ ਆਪਣੀ ਵਾਲੰਟੀਅਰ ਟੀਮ ਨਾਲ ਅਤੇ (ਸੱਜੇ) ਦੀਵਾਨ ਹਾਲ ਵਿੱਚ ਜਾਣ ਸਮੇਂ ਇੱਕ ਸੱਜਣ ਦਾ ਸਿਰ ਢਕਦੇ ਹੋਏ

# ਵੱਕਾਰੀ ਦੰਗਲ

ਪ੍ਰੋ. ਬਲਜਿੰਦਰ ਸਿੰਘ
ਫੋਨ: 91-98150-40500



**ਸੰਨ 2008 ਵਿੱਚ ਦਿੱਲੀ ਦੇ ਕਨਾਟ ਪਲੇਸ ਵਿੱਚ ਹਾਕੀ ਖਿਡਾਰੀਆਂ ਨੇ ਤਤਕਾਲੀ ਕੇਂਦਰੀ ਖੇਡ ਮੰਤਰੀ ਐਮ.ਐਸ. ਗਿੱਲ ਦੇ ਖ਼ਿਲਾਫ਼ ਪ੍ਰਦਰਸ਼ਨ ਕੀਤਾ ਸੀ। ਖਿਡਾਰੀਆਂ ਨੇ ਖੇਡ ਮੰਤਰੀ ’ਤੇ ਮਾੜੇ ਪ੍ਰਬੰਧਾਂ ਅਤੇ ਖੇਡ ਪ੍ਰਤੀ ਅਣਗਹਿਲੀ ਦੇ ਦੋਸ਼ ਲਾਏ ਸਨ। ਗਿੱਲ ਦੇ ਵਿਰੋਧ ਵਿੱਚ ਅਤੇ ਪ੍ਰਸ਼ਾਸਨ ਵਿੱਚ ਬਦਲਾਅ ਦੀ ਮੰਗ ਨੂੰ ਲੈ ਕੇ ਖਿਡਾਰੀਆਂ ਨੇ ਭੁੱਖ ਹੜਤਾਲ ਕੀਤੀ ਸੀ। ਇਸ ਪ੍ਰਦਰਸ਼ਨ ਵਿੱਚ ਖੇਡ ਪੱਤਰਕਾਰਾਂ ਵਲੋਂ ਵੀ ਕਾਲੀਆਂ ਪੱਟੀਆਂ ਬੰਨ੍ਹ ਕੇ ਸ਼ਮੂਲੀਅਤ ਕੀਤੀ ਗਈ ਸੀ।**

ਭਾਰਤ ਦੇ ਖੇਡ ਤੰਤਰ ਦੀ ਅਜੋਕੀ ਦਸ਼ਾ ਦੀ ਜੇ ਗੱਲ ਕਰੀਏ ਤਾਂ ਇਸ ਦਾ ਤਾਣਾ-ਬਾਣਾ ਪਹਿਲਾਂ ਵਾਂਗ ਹੀ ਉਲਝਿਆ ਨਜ਼ਰ ਆਉਂਦਾ ਹੈ। ਬੜੇ ਅਫਸੋਸ ਨਾ਼ਲ ਲਿਖਣਾ ਪੈ ਰਿਹਾ ਹੈ ਕਿ ਭਾਰਤ ਦੀਆਂ ਕਈ ਖੇਡ ਫੈਡਰੇਸ਼ਨਾਂ ਵਿੱਚ ਬੈਠੇ ਅਹੁਦੇਦਾਰਾਂ ਨੇ ਸਬੰਧਤ ਖੇਡ ਫੈਡਰੇਸ਼ਨਾਂ ਨੂੰ ਆਪਣੇ ਪਿਓ ਦੀ ਜਾਗੀਰ ਸਮਝਿਆ ਹੋਇਆ ਹੈ। ਰਾਸ਼ਟਰੀ ਖੇਡ ਫੈਡਰੇਸ਼ਨਾਂ ‘ਤੇ ਬੈਠੇ ਇਹ ਰਸੂਖ਼ਦਾਰ ਲੋਕ ਖਿਡਾਰੀਆਂ ਦਾ ਹੀ ਨਹੀਂ, ਸਗੋਂ ਖੇਡਾਂ ਨਾਲ ਜੁੜੇ ਸੋਮਿਆਂ ਦਾ ਵੀ ਸ਼ੋਸ਼ਣ ਕਰ ਰਹੇ ਹਨ।

ਭਾਰਤੀ ਕੁਸ਼ਤੀ ਸੰਘ ਵਿੱਚ ਵੀ ਚੱਲ ਰਹੀਆਂ ਵਧੀਕੀਆਂ ਦਾ ਮੁੱਦਾ ਇਸ ਵੇਲੇ ਪੂਰੇ ਵਿਸ਼ਵ ਵਿੱਚ ਭਖਿਆ ਹੋਇਆ ਹੈ। ਭਾਰਤ ਦੇ ਨਾਮਵਰ ਭਲਵਾਨਾਂ-ਵਿਨੇਸ਼ ਫੋਗਾਟ, ਸਾਕਸ਼ੀ ਮਲਿਕ ਅਤੇ ਬਜਰੰਗ ਪੁਨੀਆ ਨੇ ਦਿੱਲੀ ਦੇ ਜੰਤਰ-ਮੰਤਰ ਵਿਖੇ ਕੁਸ਼ਤੀ ਫੈਡਰੇਸ਼ਨ ਦੇ ਪ੍ਰਧਾਨ ਬ੍ਰਿਜਭੂਸ਼ਣ ਸ਼ਰਨ ਸਿੰਘ ਦੀਆਂ ਕੁੱਝ ਅਜਿਹੀਆਂ ਹੀ ਵਧੀਕੀਆਂ ਖ਼ਿਲਾਫ਼ ਬਗਾਵਤ ਦਾ ਝੰਡਾ ਬੁਲੰਦ ਕੀਤਾ ਹੋਇਆ ਹੈ। ਭਲਵਾਨਾਂ ਦੇ ਧਰਨੇ ਦਾ ਸਾਰਾ ਮਾਮਲਾ 18 ਜਨਵਰੀ 2023 ਨੂੰ ਉਦੋਂ ਸ਼ੁਰੂ ਹੋਇਆ, ਜਦੋਂ ਦੇਸ਼ ਦੇ ਮਸ਼ਹੂਰ ਭਲਵਾਨ ਵਿਨੇਸ਼ ਫੋਗਾਟ, ਸਾਕਸ਼ੀ ਮਲਿਕ ਅਤੇ ਬਜਰੰਗ ਪੁਨੀਆ ਨੇ ਦਿੱਲੀ ਦੇ ਜੰਤਰ-ਮੰਤਰ ‘ਤੇ ਪਹੁੰਚ ਕੇ ਕੁਸ਼ਤੀ ਫੈਡਰੇਸ਼ਨ ਦੇ ਪ੍ਰਧਾਨ ਬ੍ਰਿਜਭੂਸ਼ਣ ਸ਼ਰਨ ਸਿੰਘ ‘ਤੇ ਕਈ ਗੰਭੀਰ ਦੋਸ਼ ਲਾਏ। ਮੁੱਢਲੀਆਂ ਸਹੂਲਤਾਂ ਦੀ ਘਾਟ, ਵਿੱਤੀ ਬੇਨਿਯਮੀਆਂ, ਖਿਡਾਰੀਆਂ ਅਤੇ ਫੈਡਰੇਸ਼ਨ ਦਰਮਿਆਨ ਅਸਪਸ਼ਟ ਸੰਚਾਰ, ਬ੍ਰਿਜਭੂਸ਼ਣ ਸ਼ਰਨ ਸਿੰਘ ਦਾ ਮਾੜਾ ਵਤੀਰਾ ਅਤੇ ਤਾਨਾਸ਼ਾਹੀ ਰਵੱਈਆ। ਅਜਿਹੇ ਕਈ ਦੋਸ਼ ਖਿਡਾਰੀਆਂ ਵੱਲੋਂ ਕੁਸ਼ਤੀ ਫੈਡਰੇਸ਼ਨ ਅਤੇ ਬ੍ਰਿਜਭੂਸ਼ਨ ’ਤੇ ਲਾਏ ਹਨ, ਪਰ ਸਭ ਤੋਂ ਗੰਭੀਰ ਦੋਸ਼ ਜਿਣਸੀ ਸ਼ੋਸ਼ਣ ਨਾਲ ਸਬੰਧਤ ਸਨ। ਵਿਨੇਸ਼ ਫੋਗਾਟ ਅਤੇ ਹੋਰ ਮਹਿਲਾ ਭਲਵਾਨਾਂ ਨੇ ਇਹ ਗੰਭੀਰ ਦੋਸ਼ ਲਾਉਂਦਿਆਂ ਸ਼ਿਕਾਇਤ ਕੀਤੀ ਕਿ ਬ੍ਰਿਜਭੂਸ਼ਣ ਸ਼ਰਨ ਸਿੰਘ ਅਤੇ ਕਈ ਕੋਚ ਰਾਸ਼ਟਰੀ ਕੈਂਪਾਂ ਦੌਰਾਨ ਮਹਿਲਾ ਭਲਵਾਨਾਂ ਦਾ ਜਿਣਸੀ ਸ਼ੋਸ਼ਣ ਕਰਦੇ ਹਨ।

ਇਨ੍ਹਾਂ ਭਲਵਾਨਾਂ ਵਲੋਂ ਆਪਣੇ ਵੱਕਾਰ ਨੂੰ ਬਚਾਉਣ ਖ਼ਾਤਿਰ ਕੁਸ਼ਤੀ ਅਖਾੜੇ ਦੀ ਬਜਾਏ ਜੰਤਰ-ਮੰਤਰ ਵਿਖੇ ਅਖੌਤੀ ਖੇਡ ਪ੍ਰਬੰਧਕਾਂ ਖਿਲਾਫ਼ ਖੋਲ੍ਹਿਆ ਦੰਗਲ ਕਾਬਿਲ-ਏ-ਤਾਰੀਫ਼ ਹੋ ਨਿਬੜਿਆ ਹੈ। ਇਹ ਓਹੀ ਜੰਤਰ-ਮੰਤਰ ਹੈ, ਜਿੱਥੇ ਸੰਨ 1988 ਵਿੱਚ ਮਹਿੰਦਰ ਸਿੰਘ ਟਿਕੈਤ ਨੇ ਕਿਸਾਨਾਂ ਦੀ ਆਵਾਜ਼ ਬੁਲੰਦ ਕੀਤੀ ਸੀ। ਏਸੇ ਥਾਂ 2011 ਵਿੱਚ ਅੰਨਾ ਹਜ਼ਾਰੇ ਨੇ ਭ੍ਰਿਸ਼ਟਾਚਾਰ ਵਿਰੁੱਧ ਅੰਦੋਲਨ ਕੀਤਾ ਸੀ। ਉਸ ਅੰਦੋਲਨ ਨੇ ਦੇਸ਼ ਦੀ ਰਾਜਨੀਤੀ ਵਿੱਚ ਇੱਕ ਤਰ੍ਹਾਂ ਤਰਥੱਲੀ ਮਚਾ ਦਿੱਤੀ ਸੀ। ਮੇਰਾ ਯਕੀਨ ਹੈ ਕਿ ਇਨ੍ਹਾਂ ਭਲਵਾਨਾ ਦਾ ਇਨਸਾਫ਼ ਲਈ ਪ੍ਰਦਰਸ਼ਨ ਦੇਸ਼ ਦੀ ਖੇਡ ਪ੍ਰਣਾਲੀ ਨੂੰ ਬਦਲ ਦੇਵੇਗਾ। ਇਹ ਪ੍ਰਦਰਸ਼ਨ ਆਪਣੇ ਆਪ ‘ਚ ਇਤਿਹਾਸਕ ਹੈ। ਮੇਰੀ ਯਾਦ ‘ਚ ਕਦੇ ਕੋਈ ਵੱਡਾ ਖਿਡਾਰੀ ਇੰਨੇ ਗੰਭੀਰ ਦੋਸ਼ਾਂ ਨਾਲ ਧਰਨੇ ‘ਤੇ ਨਹੀਂ ਬੈਠਾ ਹੈ। ਅਜਿਹੇ ‘ਚ ਇਸ ਧਰਨੇ ਦਾ ਅਸਰ ਜ਼ਰੂਰ ਹੋਵੇਗਾ।

ਅਜਿਹਾ ਭਾਰਤੀ ਖੇਡ ਇਤਿਹਾਸ ਵਿੱਚ ਪਹਿਲੀ ਵਾਰ ਨਹੀਂ ਹੋ ਰਿਹਾ। ਖਿਡਾਰੀ ਪਹਿਲਾਂ ਵੀ ਆਪਣੀਆਂ ਮੰਗਾਂ ਨੂੰ ਲੈ ਕੇ ਧਰਨੇ ‘ਤੇ ਬੈਠੇ ਹਨ। ਬਸ ਇਸ ਵਾਰ ਭਲਵਾਨਾਂ ਵੱਲੋਂ ਉਠਾਏ ਜਾ ਰਹੇ ਕੁਝ ਮੁੱਦੇ ਬਹੁਤ ਗੰਭੀਰ ਅਤੇ ਸੰਵੇਦਨਸ਼ੀਲ ਹਨ। ਇਸ ਤੋਂ ਪਹਿਲਾਂ ਸੰਨ 2008 ਵਿੱਚ ਦਿੱਲੀ ਦੇ ਕਨਾਟ ਪਲੇਸ ਵਿੱਚ ਹਾਕੀ ਖਿਡਾਰੀਆਂ ਨੇ ਤਤਕਾਲੀ ਕੇਂਦਰੀ ਖੇਡ ਮੰਤਰੀ ਐਮ.ਐਸ. ਗਿੱਲ ਦੇ ਖ਼ਿਲਾਫ਼ ਪ੍ਰਦਰਸ਼ਨ ਕੀਤਾ ਸੀ। ਖਿਡਾਰੀਆਂ ਨੇ ਖੇਡ ਮੰਤਰੀ ’ਤੇ ਮਾੜੇ ਪ੍ਰਬੰਧਾਂ ਅਤੇ ਖੇਡ ਪ੍ਰਤੀ ਅਣਗਹਿਲੀ ਦੇ ਦੋਸ਼ ਲਾਏ ਸਨ। ਗਿੱਲ ਦੇ ਵਿਰੋਧ ਵਿੱਚ ਅਤੇ ਪ੍ਰਸ਼ਾਸਨ ਵਿੱਚ ਬਦਲਾਅ ਦੀ ਮੰਗ ਨੂੰ ਲੈ ਕੇ ਖਿਡਾਰੀਆਂ ਨੇ ਭੁੱਖ ਹੜਤਾਲ ਕੀਤੀ ਸੀ। ਇਸ ਪ੍ਰਦਰਸ਼ਨ ਵਿੱਚ ਖੇਡ ਪੱਤਰਕਾਰਾਂ ਵਲੋਂ ਵੀ ਕਾਲੀਆਂ ਪੱਟੀਆਂ ਬੰਨ੍ਹ ਕੇ ਸ਼ਮੂਲੀਅਤ ਕੀਤੀ ਗਈ ਸੀ।

ਸੰਨ 1970 ਵਿੱਚ ਮਸ਼ਹੂਰ ਦੌੜਾਕ ਸ਼੍ਰੀਰਾਮ ਸਿੰਘ, ਜੋ ਭਾਰਤ ਦੇ ਸਭ ਤੋਂ ਵਧੀਆ ਅਥਲੀਟਾਂ ਵਿੱਚੋਂ ਇੱਕ ਸੀ, ਉਸਨੂੰ ਵੀ ਆਪਣੇ ਹੱਕਾਂ ਲਈ ਦਿੱਲੀ ਦੇ ਰਾਜਪਥ ‘ਤੇ ਧਰਨਾ ਲਾਉਣਾ ਪਿਆ ਸੀ। ਸ੍ਰੀ ਰਾਮ ਸਿੰਘ ਨੂੰ ਵਧੀਆ ਪ੍ਰਦਰਸ਼ਨ ਦੇ ਬਾਵਜੂਦ 1970 ਦੀਆਂ ਏਸ਼ੀਆਈ ਖੇਡਾਂ ਵਿੱਚ ਹਿੱਸਾ ਲੈਣ ਲਈ ਸ਼ਾਮਿਲ ਨਹੀਂ ਸੀ ਕੀਤਾ ਜਾ ਰਿਹਾ, ਉਸਦਾ ਸਾਥ ਦੇਣ ਲਈ ਵੀ ਪੱਤਰਕਾਰ ਰਾਜਪਥ ‘ਤੇ ਇਕੱਠੇ ਹੋਏ ਅਤੇ ਸਰਕਾਰ



ਦਾ ਧਿਆਨ ਖਿੱਚਣ ਲਈ ਉਨ੍ਹਾਂ ਵਲੋਂ ਇੱਕ ਦੌੜ ਦਾ ਵੀ ਆਯੋਜਨ ਕੀਤਾ ਗਿਆ ਸੀ। ਨਤੀਜੇ ਵਜੋਂ ਸ਼੍ਰੀਰਾਮ ਨੇ ਏਸ਼ੀਆਈ ਖੇਡਾਂ ਦੀ ਐਥਲੈਟਿਕਸ ਟੀਮ ਵਿੱਚ ਜਗ੍ਹਾ ਪ੍ਰਾਪਤ ਕੀਤੀ ਅਤੇ ਮੁਲਕ ਲਈ ਚਾਂਦੀ ਦਾ ਤਮਗਾ ਜਿੱਤਿਆ। ਹਾਲੇ ਪਿਛਲੇ ਹੀ ਸਾਲ, 2022 ਵਿੱਚ ਉੱਚੀ ਛਾਲ ਦੇ ਖਿਡਾਰੀ ਤੇਜਸਵਿਨ ਸ਼ੰਕਰ ਨੇ ਵੀ ਐਥਲੈਟਿਕਸ ਫੈਡਰੇਸ਼ਨ ਆਫ਼ ਇੰਡੀਆ ਨੂੰ ਦਿੱਲੀ ਹਾਈ ਕੋਰਟ ਘੜੀਸਿਆ ਸੀ। ਟੇਬਲ ਟੈਨਿਸ ਖਿਡਾਰਨ ਮਨਿਕਾ ਬੱਤਰਾ ਨੇ ਵੀ ਟੇਬਲ ਟੈਨਿਸ ਫੈਡਰੇਸ਼ਨ ਆਫ ਇੰਡੀਆ ਦੇ ਖ਼ਿਲਾਫ਼ ਦਿੱਲੀ ਹਾਈ ਕੋਰਟ ਵਿੱਚ ਚੁਣੌਤੀ ਦਿੱਤੀ ਸੀ।

ਦੇਸ਼ ਦੇ ਨਾਮੀ ਭਲਵਾਨਾਂ ਅਤੇ ਕੁਸ਼ਤੀ ਸੰਘ ਵਿੱਚ ਚੱਲ ਰਹੇ ਦੰਗਲ ਨੂੰ ਵਾਚਦਿਆਂ ਭਾਰਤੀ ਖੇਡ ਮੰਤਰਾਲੇ ਨੇ ਕੁਸ਼ਤੀ ਫੈਡਰੇਸ਼ਨ ਨੂੰ ਨੋਟਿਸ ਭੇਜ ਕੇ 72 ਘੰਟਿਆਂ ਅੰਦਰ ਦੋਸ਼ਾਂ ਦਾ ਜਵਾਬ ਦੇਣ ਲਈ ਕਿਹਾ ਸੀ। 21 ਜਨਵਰੀ ਨੂੰ ਭਾਰਤੀ ਕੁਸ਼ਤੀ ਫੈਡਰੇਸ਼ਨ ਨੇ ਆਪਣੇ ਜਵਾਬੀ ਪੱਤਰ ਵਿੱਚ ਭਲਵਾਨਾਂ ਦੇ ਦੋਸ਼ਾਂ ਨੂੰ ਰੱਦ ਕਰਦਿਆਂ ਕਿਹਾ ਕਿ ਉਨ੍ਹਾਂ ਨੂੰ ਜਿਣਸੀ ਸ਼ੋਸ਼ਣ ਦਾ ਇੱਕ ਵੀ ਇਲਜ਼ਾਮ ਨਹੀਂ ਮਿਲਿਆ ਹੈ ਅਤੇ ਨਾ ਹੀ ਇਸ ਬਾਰੇ ਕਦੇ ਕੋਈ ਸ਼ਿਕਾਇਤ ਮਿਲੀ ਹੈ। ਖਿਡਾਰੀਆਂ ਦੇ ਗੰਭੀਰ ਦੋਸ਼ਾਂ ਦੇ ਮੱਦੇਨਜ਼ਰ ਕੇਂਦਰੀ ਖੇਡ ਮੰਤਰੀ ਅਨੁਰਾਗ ਠਾਕੁਰ ਨੇ ਫਿਰ ਭਲਵਾਨਾਂ ਨਾਲ ਮੁਲਾਕਾਤ ਕੀਤੀ ਅਤੇ ਦੋਸ਼ਾਂ ਦੀ ਜਾਂਚ ਲਈ 23 ਜਨਵਰੀ ਨੂੰ ਪੰਜ ਮੈਂਬਰੀ ਜਾਂਚ ਕਮੇਟੀ ਦਾ ਗਠਨ ਕੀਤਾ। ਕਮੇਟੀ ਨੂੰ ਚਾਰ ਹਫ਼ਤਿਆਂ ਵਿੱਚ ਜਾਂਚ ਪੂਰੀ ਕਰਨ ਲਈ ਕਿਹਾ ਗਿਆ ਸੀ। ਉਪਰੰਤ ਇਸ ਦੀ ਸਮਾਂ ਸੀਮਾ ਦੋ ਹਫ਼ਤਿਆਂ ਲਈ ਹੋਰ ਵਧਾ ਦਿੱਤੀ ਗਈ ਸੀ।

ਇਸ ਤੋਂ ਬਾਅਦ ਹੁਣ ਖਿਡਾਰੀਆਂ ਦਾ ਕਹਿਣਾ ਹੈ ਕਿ ਕਮੇਟੀ ਬਣੀ ਨੂੰ ਤਿੰਨ ਮਹੀਨੇ ਤੋਂ ਉੱਪਰ ਹੋ ਗਏ ਹਨ, ਪਰ ਕਮੇਟੀ ਵੱਲੋਂ ਕੀ ਜਾਂਚ ਕੀਤੀ ਗਈ ਅਤੇ ਉਸ ਜਾਂਚ ‘ਚ ਕੀ ਸਿੱਟਾ ਨਿਕਲਿਆ, ਇਹ ਅਜੇ ਤੱਕ ਸਾਹਮਣੇ ਨਹੀਂ ਆਇਆ। ਇਸਦੇ ਚਲਦਿਆਂ ਸਰਕਾਰ ਵਲੋਂ ਪੰਜ ਮੈਂਬਰੀ ਨਿਰੀਖਣ ਕਮੇਟੀ ਨੇ ਇਹ ਬਿਆਨ ਦਿੱਤਾ ਕਿ ਰੈਸਲਿੰਗ ਫੈਡਰੇਸ਼ਨ ਦੀ ਸੈਕਸੁਅਲ ਹਰਾਸਮੈਂਟ ਕਮੇਟੀ ਨੂੰ ਵੀ ਇਸ ਬਾਰੇ ਜਾਣਕਾਰੀ ਨਹੀਂ ਦਿੱਤੀ ਗਈ ਹੈ। ਦੂਜੇ ਪਾਸੇ ਇਨ੍ਹਾਂ ਦੋਸ਼ਾਂ ਨੂੰ ਖਾਰਜ ਕਰਦਿਆਂ ਬ੍ਰਿਜਭੂਸ਼ਣ ਸਿੰਘ ਨੇ ਕਿਹਾ ਸੀ ਕਿ ਕਿਸੇ ਵੀ ਐਥਲੀਟ ਦਾ ਜਿਨਸੀ ਸ਼ੋਸ਼ਣ ਨਹੀਂ ਹੋਇਆ ਹੈ ਤੇ ਜੇ ਇਹ ਸੱਚ ਸਾਬਤ ਹੁੰਦਾ ਹੈ ਤਾਂ ਉਹ ਫਾਂਸੀ ਲਈ ਤਿਆਰ ਹੈ।

ਭਲਵਾਨਾਂ ਅਨੁਸਾਰ ਸੱਤ ਮਹਿਲਾ ਭਲਵਾਨਾਂ ਨੇ ਭਾਜਪਾ ਦੇ ਸੰਸਦ ਮੈਂਬਰ ਅਤੇ ਰੈਸਲਿੰਗ ਫੈਡਰੇਸ਼ਨ ਦੇ ਪ੍ਰਧਾਨ ਬ੍ਰਿਜ ਭੂਸ਼ਣ ਸਿੰਘ ਦੇ ਖ਼ਿਲਾਫ਼ ਪਾਰਲੀਮੈਂਟ ਸਟਰੀਟ ਥਾਣੇ ‘ਚ ਸ਼ਿਕਾਇਤ ਦਿੱਤੀ ਸੀ, ਪਰ ਪਹਿਲਾਂ ਉਨ੍ਹਾਂ ਦੀ ਐਫ.ਆਈ.ਆਰ. ਦਰਜ ਨਹੀਂ ਕੀਤੀ ਗਈ ਅਤੇ ਇਸ ਲਈ ਉਨ੍ਹਾਂ ਨੂੰ ਧਰਨੇ ‘ਤੇ ਬੈਠਣ ਲਈ ਮਜਬੂਰ ਕੀਤਾ ਗਿਆ। ਖਿਡਾਰੀਆਂ ਦੇ ਸੁਪਰੀਮ ਕੋਰਟ ਜਾਣ ਤੋਂ ਬਾਅਦ ਦਿੱਲੀ ਪੁਲਿਸ ਨੇ ਇਸ ਮਾਮਲੇ ਵਿੱਚ ਬ੍ਰਿਜਭੂਸ਼ਣ ਸ਼ਰਨ ਸਿੰਘ ਦੇ ਖ਼ਿਲਾਫ਼ ਦੋ ਐਫ.ਆਈ.ਆਰ. ਦਰਜ ਕੀਤੀਆਂ ਹਨ; ਪਰ ਹੁਣ ਖਿਡਾਰੀ ਇਸ ਗੱਲ ‘ਤੇ ਅੜੇ ਹੋਏ ਹਨ ਕਿ ਜਦੋਂ ਤੱਕ ਬ੍ਰਿਜਭੂਸ਼ਣ ਅਸਤੀਫਾ ਨਹੀਂ ਦਿੰਦੇ ਅਤੇ ਉਨ੍ਹਾਂ ਨੂੰ ਗ੍ਰਿਫਤਾਰ ਨਹੀਂ ਕੀਤਾ ਜਾਂਦਾ, ਉਦੋਂ ਤੱਕ ਉਨ੍ਹਾਂ ਦੀ ਹੜਤਾਲ ਜਾਰੀ ਰਹੇਗੀ। ਇਸ ਦੇ ਨਾਲ ਹੀ ਬ੍ਰਿਜਭੂਸ਼ਣ ਸ਼ਰਨ ਸਿੰਘ ਦਾ ਕਹਿਣਾ ਹੈ ਕਿ ਉਹ ਕਿਸੇ ਵੀ ਜਾਂਚ ਲਈ ਤਿਆਰ ਹਨ, ਪਰ ਅਸਤੀਫਾ ਨਹੀਂ ਦੇਣਗੇ।

ਸੱਤਾ ਦੀ ਮਦ ਵਿੱਚ ਚੂਰ ਭਾਰਤੀ ਕੁਸ਼ਤੀ ਸੰਘ ਦੇ ਪ੍ਰਧਾਨ ਬ੍ਰਿਜਭੂਸ਼ਣ ਸ਼ਰਨ ਸਿੰਘ ਦਾ ਬਿਆਨ ਸਾਹਮਣੇ ਆਇਆ ਹੈ, ਜਿਸ ਨਾ਼ਲ ਹਿਰਦਾ ਵਲੂੰਧਰਿਆ ਗਿਆ। ਬਿਆਨ ਵਿੱਚ ਉਸਨੇ ਕਿਹਾ, “ਮੈਡਲ ਦੀ ਕੀਮਤ ਤਾਂ ਪੰਦਰਾਂ ਰੁਪਏ ਹੈ, ਜੇਕਰ ਵਾਪਿਸ ਕਰਨੇ ਹਨ ਤਾਂ ਕਰੋੜਾਂ ਦੇ ਇਨਾਮ ਵਾਪਿਸ ਕਰੋ।” ਬ੍ਰਿਜਭੂਸ਼ਣ ਦੀ ਅਜਿਹੀ ਬਿਆਨਬਾਜ਼ੀ ਉਸਦੀ ਸੌੜੀ ਸੋਚ ਅਤੇ ਮਾਨਸਿਕਤਾ ਨੂੰ ਦਰਸਾਉਂਦੀ ਹੈ। ਜਿਸ ਮੈਡਲ ਦੀ ਕੀਮਤ ਉਹ ਪੰਦਰਾਂ ਰੁਪਏ ਦੱਸਦਾ ਹੈ, ਉਹ ਮੈਡਲ ਚਾਪਲੂਸੀ ਕਰਕੇ ਨਹੀਂ ਮਿਲਦੇ। ਇਹ ਤਮਗੇ ਬੇਸ਼ਕੀਮਤੀ ਹਨ, ਇਸ ਦੀ ਕੀਮਤ ਉਹ ਖਿਡਾਰੀ ਹੀ ਜਾਣਦੇ ਜਿਨ੍ਹਾਂ ਨੇ ਹੱਡ ਚੀਰਦੀਆਂ ਠੰਡੀਆਂ ਹਵਾਵਾਂ, ਮੀਂਹ ਹਨੇਰੀਆਂ ਵਿੱਚ ਅੱਧੀ ਰਾਤੀਂ ਉੱਠ ਕੇ ਮਿਹਨਤਾਂ ਕਰਕੇ ਇਹ ਤਮਗੇ ਜਿੱਤੇ ਹਨ ਅਤੇ ਦੁਨੀਆਂ ਵਿੱਚ ਦੇਸ਼ ਦਾ ਮਾਣ ਵਧਾਇਆ ਹੈ। ਬਹੁਤ ਦੁੱਖ ਹੁੰਦਾ ਹੈ, ਜਦੋਂ ਸਾਡੇ ਇਨ੍ਹਾਂ ਖਿਡਾਰੀਆਂ ਨੂੰ ਇਸ ਤਰ੍ਹਾਂ ਜ਼ਲੀਲ ਕਰਕੇ ਧਰਨੇ ਲਾਉਣ ਲਈ ਮਜਬੂਰ ਕੀਤਾ ਜਾਂਦਾ ਹੈ।

ਅਫਸੋਸ ਦੀ ਗੱਲ ਹੈ ਕਿ ਇਸ ਵੱਕਾਰੀ ਧਰਨੇ ਨੂੰ ਭਾਰਤ ਦੀ ਜਨਤਾ ਨੇ ਕੋਈ ਬਹੁਤਾ ਭਰਵਾਂ ਹੁੰਗਾਰਾ ਨਹੀਂ ਦਿੱਤਾ। ਜੇਕਰ ਕ੍ਰਿਕਟ ਜਗਤ ਦਾ ਕੋਈ ਵੀ ਵੱਡਾ ਖਿਡਾਰੀ ਅੱਜ ਜੰਤਰ-ਮੰਤਰ ‘ਤੇ ਇਨ੍ਹਾਂ ਵਰਗੇ ਇਲਜ਼ਾਮਾਂ ਨੂੰ ਲੈ ਕੇ ਬੈਠਾ ਹੁੰਦਾ ਤਾਂ ਆਮ ਲੋਕਾਂ ਦੀ ਭੀੜ ਇਕੱਠੀ ਹੋ ਜਾਂਦੀ, ਇਹ ਪ੍ਰਦਰਸ਼ਨ ਹੋਰ ਵੀ ਵੱਡਾ ਹੋ ਜਾਣਾ ਸੀ ਅਤੇ ਇਸ ਦਾ ਅਸਰ ਹੋਰ ਵੀ ਹੋਣਾ ਸੀ। ਅਫਸੋਸ! ਕ੍ਰਿਕਟ ਦੇ ਸਿਤਾਰੇ ਆਈ.ਪੀ.ਐਲ. ਵਿੱਚ ਮਸ਼ਰੂਫ ਹਨ। ਉਨ੍ਹਾਂ ਨੇ ਭਲਵਾਨਾਂ ਦਾ ਸਾਥ ਤਾਂ ਕੀ ਦੇਣਾ ਸੀ, ਸਗੋਂ ਹਾਅ ਦਾ ਨਾਅਰਾ ਵੀ ਨਹੀਂ ਮਾਰਿਆ। ਕੁੱਝ ਇੱਕ ਮੋਜਿਜ਼ ਖਿਡਾਰੀਆਂ ਨੇ ਇਨ੍ਹਾਂ ਦੇ ਹੱਕ ਵਿੱਚ ਸੋਸ਼ਲ ਮੀਡੀਆ ਰਾਹੀਂ ਸਮਰਥਨ ਦੀ ਮੰਗ ਕੀਤੀ ਹੈ, ਪਰ ਸਾਰੇ ਦੇਸ਼ਵਾਸੀਆਂ ਨੂੰ ਚਾਹੀਦਾ ਹੈ ਕਿ ਇਨ੍ਹਾਂ ਭਲਵਾਨਾਂ ਦਾ ਵੱਧ ਚੜ੍ਹ ਕੇ ਸਾਥ ਦੇਣ। ਇਸ ਵੇਲੇ ਭਲਵਾਨਾਂ ਦੇ ਰੋਸ ਪ੍ਰਦਰਸ਼ਨ ਵਿੱਚ ਗੋਦੀ ਮੀਡੀਆ ਵਲੋਂ ਕੋਈ ਖ਼ਾਸ ਸਹਿਯੋਗ ਨਹੀਂ ਮਿ਼ਲ ਰਿਹਾ, ਪਰ ਖਾਪ ਪੰਚਾਇਤਾਂ, ਕਿਸਾਨ ਜਥੇਬੰਦੀਆਂ ਅਤੇ ਕਈ ਸਮਾਜ ਸੇਵੀ ਸੰਸਥਾਵਾਂ ਨੇ ਭਲਵਾਨਾਂ ਦਾ ਸਾਥ ਪੂਰੇ ਬਹੁਮਤ ਨਾ਼ਲ ਦਿੱਤਾ ਹੈ।

ਇਸ ਸਥਿਤੀ ਵਿੱਚ ਦੇਸ਼ ਲਈ ਮਾਣ ਖੱਟਣ ਵਾਲੇ ਇਨ੍ਹਾਂ ਖਿਡਾਰੀਆਂ ਵੱਲੋਂ ਲਾਏ ਗਏ ਦੋਸ਼ਾਂ ਦੀ ਤਫਤੀਸ਼ ਜਲਦ ਤੋਂ ਜਲਦ ਪੂਰੀ ਹੋਣੀ ਚਾਹੀਦੀ ਹੈ। ਖੇਡ ਮੰਤਰਾਲੇ ਨੂੰ ਵੀ ਚਾਹੀਦਾ ਹੈ ਕਿ ਉਹ ਭਾਰਤੀ ਖੇਡਾਂ ਦੇ ਚੰਗੇ ਭਵਿੱਖ ਲਈ ਇਸ ਮਸਲੇ ਦੀ ਨਿਰਪੱਖ ਰੂਪ ਵਿੱਚ ਜਾਂਚ ਕਰੇ ਅਤੇ ਜੋ ਵੀ ਦੋਸ਼ੀ ਹੈ, ਉਸਨੂੰ ਸਖ਼ਤ ਤੋਂ ਸਖ਼ਤ ਸਜ਼ਾ ਮਿਲਣੀ ਚਾਹੀਦੀ ਹੈ।

## ਖੁੱਲ੍ਹਾ ਦਰਵਾਜ਼ਾ

ਇੱਕ ਬਹੁਤ ਬੜਾ ਜਾਦੂਗਰ ਹੋਇਆ, ਹੂਦਨੀ। ਉਸਦੀ ਸਭ ਤੋਂ ਬੜੀ ਕਲਾ ਇਹ ਸੀ ਕਿ ਕਿਵੇਂ ਦੀਆਂ ਹੀ ਜ਼ੰਜੀਰਾਂ ਵਿੱਚ ਉਸਨੂੰ ਬੰਨ੍ਹ ਦਿੱਤਾ ਜਾਵੇ, ਉਹ ਪਲਾਂ ਵਿੱਚ ਖੋਲ੍ਹ ਕੇ ਬਾਹਰ ਆ ਜਾਂਦਾ ਸੀ। ਜ਼ੰਜੀਰਾਂ ਵਿੱਚ ਬੰਨ੍ਹ ਕੇ, ਪੇਟੀਆਂ ਵਿੱਚ ਬੰਦ ਕਰਕੇ, ਪੇਟੀਆਂ ਉੱਤੇ ਜ਼ਿੰਦਰੇ ਲਗਾ ਕੇ ਉਸਨੂੰ ਸਮੁੰਦਰ ਵਿੱਚ ਸੁੱਟਿਆ ਗਿਆ। ਉੱਥੇ ਵੀ ਉਹ ਮਿੰਟਾਂ ਵਿੱਚ ਬਾਹਰ ਆ ਜਾਂਦਾ ਸੀ।

ਦੁਨੀਆਂ ਦੀਆਂ ਸਾਰੀਆਂ ਜੇਲ੍ਹਾਂ ਵਿੱਚ ਉਸ ਉੱਤੇ ਪ੍ਰਯੋਗ ਕੀਤੇ ਗਏ; ਪੁਲਿਸ ਨੇ ਸਾਰੇ ਤਰ੍ਹਾਂ ਦੇ ਆਪਣੇ ਇੰਤਜ਼ਾਮ ਕੀਤੇ-ਇੰਗਲੈਂਡ ਵਿੱਚ, ਅਮਰੀਕਾ ਵਿੱਚ, ਫ਼ਰਾਂਸ ਵਿੱਚ, ਜਰਮਨੀ ਵਿੱਚ। ਉਹਨੂੰ ਜੇਲ੍ਹ ਦੀ ਕੋਠੜੀ ਵਿੱਚ ਪਾ ਦਿੰਦੇ। ਜ਼ਿੰਦਰੇ ਉੱਤੇ ਜ਼ਿੰਦਰੇ ਜੜ ਦਿੱਤੇ। ਹੱਥਾਂ ਵਿੱਚ ਜ਼ੰਜੀਰਾਂ, ਪੈਰਾਂ ਵਿੱਚ ਜ਼ੰਜੀਰਾਂ ਅਤੇ ਮਿੰਟਾਂ ਵਿੱਚ ਬਾਹਰ। ਤਿੰਨ ਮਿੰਟ ਤੋਂ ਜ਼ਿਆਦਾ ਉਹਨੂੰ ਕਦੇ ਨਹੀਂ ਲੱਗੇ। ਜੀਵਨ ਵਿੱਚ ਕਿਸੇ ਵੀ ਹਾਲਤ ਤੋਂ ਬਾਹਰ ਆ ਜਾਣ ਵਿੱਚ। ਬੜੀ ਹੈਰਾਨ ਕਰਨ ਵਾਲੀ ਕਲਾ ਸੀ।

ਪਰ ਇਟਲੀ ਵਿੱਚ ਉਹ ਹਾਰ ਗਿਆ। ਇਟਲੀ ਵਿੱਚ ਜਾ ਕੇ ਬੜੀ ਬੁਰੀ ਤਰ੍ਹਾਂ ਹਾਰਿਆ। ਘੰਟੇ ਤੱਕ ਨਹੀਂ ਨਿਕਲ ਸਕਿਆ। ਤਿੰਨ ਘੰਟੇ ਲੱਗੇ। ਜੋ ਭੀੜ ਇਕੱਠੀ ਹੋ ਗਈ ਸੀ ਹਜਾਰਾਂ ਲੋਕਾਂ ਦੀ, ਉਹ ਤਾਂ ਘਬਰਾ ਗਈ ਕਿ ਮਰ ਗਿਆ ਹੂਦਨੀ ਜਾਂ ਕੀ ਹੋਇਆ! ਇਹ ਤਾਂ ਕਿਸੇ ਨੂੰ ਭਰੋਸਾ ਹੀ ਨਹੀਂ ਸੀ। ਤਿੰਨ ਮਿੰਟ ਤਾਂ ਆਖਰੀ ਸੀਮਾ ਸੀ। ਸੈਕਿੰਡ ਵਿੱਚ ਨਿਕਲ ਆਉਂਦਾ ਸੀ। ਇਹ ਹੋਇਆ ਕੀ?

ਜਦੋਂ ਤਿੰਨ ਘੰਟੇ ਬਾਅਦ ਹੂਦਨੀ ਨਿੱਕਲਿਆ, ਤਾਂ ਉਸਦੀ ਹਾਲਤ ਬੜੀ ਖਸਤਾ ਸੀ। ਮੁੜ੍ਹਕੋ-ਮੁੜ੍ਹਕੀ ਹੋਇਆ ਪਿਆ ਸੀ। ਮੱਥੇ ਦੀਆਂ ਨਸਾਂ ਚਿੰਤਾ ਨਾਲ ਫੁੱਲ ਗਈਆਂ ਸਨ। ਅੱਖਾਂ ਲਾਲ ਹੋ ਗਈਆਂ ਸਨ, ਜਦੋਂ ਬਾਹਰ ਆਇਆ।

ਪੁੱਛਿਆ ਗਿਆ ਕਿ ਹੋਇਆ ਕੀ? ਇੰਨੀ ਦੇਰ ਕਿਵੇਂ ਲੱਗੀ? ਉਸਨੇ ਕਿਹਾ ਕਿ ਮੇਰੇ ਨਾਲ ਬਹੁਤ ਬੜਾ ਧੋਖਾ ਕੀਤਾ ਗਿਆ। ਦਰਵਾਜ਼ੇ ਉੱਤੇ ਜ਼ਿੰਦਰਾ ਹੀ ਨਹੀਂ ਸੀ। ਅਤੇ ਉਹ ਬੇਚਾਰਾ ਕੋਸ਼ਿਸ਼ ਕਰਦਾ ਰਿਹਾ ਖੋਲ੍ਹਣ ਦੀ ਕਿ ਕਿੱਥੋਂ ਖੋਲ੍ਹੇ। ਜਿੰਦਰਾ ਹੋਵੇ ਤਾਂ ਖੋਲ੍ਹੇ! ਇੱਕ ਮਜਾਕ ਕੰਮ ਕਰ ਗਿਆ।

ਜਿੰਦਰਾ ਹੁੰਦਾ ਤਾਂ ਖੋਲ੍ਹ ਹੀ ਲੈਂਦਾ ਉਹ। ਜਿੰਦਰਾ ਖੋਲ੍ਹਣ ਦੀ ਤਾਂ ਉਸਦੇ ਕੋਲ ਕਲਾ ਸੀ। ਅਜਿਹਾ ਤਾਂ ਕੋਈ ਜਿੰਦਰਾ ਨਹੀਂ ਸੀ, ਜੋ ਉਹ ਨਾ ਖੋਲ੍ਹ ਲੈਂਦਾ ਹੋਵੇ। ਪਰ ਜਿੰਦਰਾ ਸੀ ਹੀ ਨਹੀਂ। ਦਰਵਾਜ਼ਾ ਸਿਰਫ ਭੇੜਿਆ ਹੋਇਆ ਸੀ।

ਉਹ ਬਹੁਤ ਘਬਰਾਇਆ। ਉਸਨੇ ਸਾਰੇ ਪਾਸੇ ਖੋਜਿਆ ਹੋਵੇਗਾ। ਕੋਈ ਹੱਲ ਨਹੀਂ ਦਿਖਿਆ। ਪਹਿਲੀ ਦਫਾ ਹਾਰਿਆ। ਤਿੰਨ ਘੰਟੇ ਬਾਅਦ, ਲੋਕਾਂ ਨੇ ਪੁੱਛਿਆ, ਫਿਰ ਕਿਵੇਂ ਨਿਕਲੇ? ਉਸਨੇ ਕਿਹਾ ਕਿ ਜਦੋਂ ਤਿੰਨ ਘੰਟੇ ਦੇ ਬਾਅਦ ਬਿਲਕੁਲ ਥੱਕ ਗਿਆ ਤੇ ਡਿੱਗ ਪਿਆ, ਦਰਵਾਜ਼ੇ ਨੂੰ ਧੱਕਾ ਲੱਗਿਆ ਅਤੇ ਦਰਵਾਜ਼ਾ ਖੁੱਲ੍ਹ ਗਿਆ। ਸੋਚ ਲਿਆ ਕਿ ਅੱਜ ਤਾਂ ਪ੍ਰਸਿੱਧੀ ਪਾਣੀ ਵਿੱਚ ਮਿਲ ਗਈ।

ਨਾ ਕੋਈ ਔਜ਼ਾਰ ਹੈ, ਨਾ ਕੋਈ ਤਰਕੀਬ ਹੈ। ਦਰਵਾਜ਼ਾ ਬੰਦ ਨਹੀਂ ਹੈ। ਤੁਸੀਂ ਖੋਲ੍ਹਣ ਦੀ ਕੋਸ਼ਿਸ਼ ਵਿੱਚ ਪ੍ਰੇਸ਼ਾਨ ਹੋ ਰਹੇ ਹੋ! ਖੁੱਲ੍ਹੇ ਦਰਵਾਜ਼ੇ ਨੂੰ ਬਸ ਚੰਗੀ ਤਰ੍ਹਾਂ ਖੋਲ੍ਹੋ।

**-ਓਸ਼ੋ**

# ਤੁਸੀਂ ਇਤਿਹਾਸ 'ਤੇ ਪੋਚਾ ਨਹੀਂ ਮਾਰ ਸਕਦੇ




**ਵਿਜੈ ਬੰਬੇਲੀ**
**ਫੋਨ: +91-94634 39075**


**ਇਤਿਹਾਸ ਨਿਰੰਤਰ ਵਹਿੰਦਾ ਦਰਿਆ ਹੈ। ਇਸ ਦਾ ਅਤੀਤ, ਵਰਤਮਾਨ ਅਤੇ ਭਵਿੱਖ ਆਪਣੇ ਆਪ 'ਚ ਆਜ਼ਾਦ ਨਹੀਂ, ਸਗੋਂ ਅੰਤਰ-ਸਬੰਧਿਤ ਵਰਤਾਰੇ ਹਨ। ਇਤਿਹਾਸ ਮੇਸਿਆ ਨਹੀਂ ਜਾ ਸਕਦਾ, ਨਾ ਹੀ ਇਸਨੂੰ ਖਿੱਚ ਕੇ ਆਪਣੇ ਮੇਚ ਦਾ ਕੀਤਾ ਜਾ ਸਕਦਾ ਹੈ। ਸੱਚ ਅਤੇ ਇਤਿਹਾਸ ਸੌ ਪਰਦੇ ਪਾੜ ਕੇ ਸਾਹਵੇਂ ਆ ਖੜ੍ਹੋਂਦਾ ਹੈ। ਇਤਿਹਾਸ 'ਤੇ ਪੋਚਾ ਮਾਰਨਾ ਫਾਸ਼ੀਵਾਦ ਦਾ ਹੀ ਇਜ਼ਹਾਰ ਹੈ।**

ਸਾਡਾ ਮੁਲਕ ਬਹੁ-ਪਰਤੀ ਫੁਲਵਾੜੀ ਹੈ। ਸਿਰਫ਼ ਭੂਗੋਲਿਕ ਸਥਿਤੀ, ਅਰਥਾਤ- ਮਿੱਟੀ, ਪਹਾੜਾਂ, ਜੰਗਲਾਂ, ਨਦੀਆਂ ਅਤੇ ਖਣਿਜਾਂ ਵਿੱਚ ਹੀ ਨਹੀਂ, ਸਗੋਂ ਰੁੱਤਾਂ, ਬਹੁ-ਵੰਨਗੀ ਜੀਵ-ਜੰਤੂਆਂ, ਬਹੁ-ਪਰਤੀ ਬਨਸਪਤੀ ਅਤੇ ਇਸ ਤੋਂ ਵੀ ਵਧ ਕੇ ਕੌਮਾਂ, ਕੌਮੀਅਤਾਂ, ਭਾਸ਼ਾਵਾਂ, ਬੋਲੀਆਂ, ਬਹੁ-ਧਰਮੀ, ਅਨੇਕਾਂ ਰਸਮਾਂ-ਰਿਵਾਜਾਂ ਅਤੇ ਸੱਭਿਆਚਾਰਾਂ ਤੇ ਬਹੁ-ਵੰਨਗੀ ਖਾਣਿਆਂ ਵਾਲਾ; ਭਾਵ ਬਹੁ-ਰੰਗਾ ਹੈ ਸਾਡਾ ਦੇਸ਼।

ਇਹੀ ਉਹ ਗੱਲ ਹੈ, ਜਿਹੜੀ ਕੱਟੜਪੰਥੀਆਂ, ਫਾਸ਼ੀਵਾਦੀਆਂ ਅਤੇ ਸਾਮਰਾਜਵਾਦੀਆਂ ਦੀਆਂ ਪਿੱਠੂ ਹਾਕਮ-ਜਮਾਤਾਂ ਨੂੰ ਹਜ਼ਮ ਨਹੀਂ ਹੁੰਦੀ। ਉਹ ਅਨੇਕਤਾ ਵਿੱਚ ਏਕਤਾ ਦੀ ਬਜਾਏ, ਆਪਣੇ ਸੌੜੇ ਮੁਫ਼ਾਦ ਖਾਤਰ ਇੱਕੋ ਰੱਸੇ ਨੂੜਨਾ ਚਾਹੁੰਦੇ ਹਨ ਸਾਨੂੰ।

ਤਾ-ਕਿਸਮ ਦੇ ਫਿਰਕਾਪ੍ਰਸਤਾਂ ਤੋਂ ਭਲੀ ਦੀ ਆਸ ਤਾਂ ਪਹਿਲਾਂ ਹੀ ਨਹੀਂ ਸੀ, ਮੌਜੂਦਾ ਹਾਕਮਾਂ ਵੇਲੇ ਇਤਿਹਾਸ ਦੀ ਤੋੜ-ਮਰੋੜ ਦਾ ਖ਼ਤਰਾ ਹੋਰ ਵੀ ਵੱਧ ਗਿਆ ਹੈ। ਉਹ ਨਾ ਸਿਰਫ਼ ਤਾਰੀਖ ਨਾਲ ਹੀ ਅਨਿਆਂ ਕਰ ਰਹੇ ਹਨ, ਸਗੋਂ ਦੇਸ਼ ਦੀ ਆਜ਼ਾਦੀ ਤੇ ਤਰੱਕੀ ਵਿੱਚ ਹਿੱਸਾ ਪਾਉਣ ਅਤੇ ਮੁਲਕ ਦਾ ਦਰਦ ਵੰਡਾਉਣ ਵਾਲੇ ਬਹੁ-ਤਰ੍ਹਾਂ ਦੇ ਸਮੂਹਾਂ-ਨਸਲਾਂ ਅਤੇ ਸਾਂਝੇ-ਮੀਂਝੇ ਦੇਸ਼ ਭਗਤਾਂ ਤੇ ਉਨ੍ਹਾਂ ਦੇ ਅਕੀਦਿਆਂ ਨਾਲ ਵੀ ਕਰ ਰਹੇ ਹਨ।

ਤੁਸੀਂ ਮੈਨੂੰ ਪਹਿਲੇ ਸਵਤੰਤਰਤਾ ਯੁੱਧ (1857-62), ਜਿਹੜਾ ਹਿੰਦੂ-ਸਿੱਖਾਂ ਅਤੇ ਮੁਸਲਿਮ ਏਕਤਾ ਦੀਆਂ ਪ੍ਰਤੱਖ ਸੱਚਾਈਆਂ ਸਮੋਈ ਬੈਠਾ ਹੈ, ਦੀਆਂ ਹਕੀਕੀ ਇਤਿਹਾਸਕ ਸੱਚਾਈਆਂ ਦੀਆਂ ਕੁੱਝ ਉਦਾਹਰਣਾਂ ਨਾਲ ਆਪਣੀ ਗੱਲ ਹੋਰ ਸਪੱਸ਼ਟ ਕਰਨ ਦੀ ਅਗਿਆ ਦਿਓ:

"ਸੁਤੰਤਰਤਾ ਸੰਗਰਾਮ ਦੇ ਇਸ ਹੈਰਤ-ਅੰਗੇਜ਼ ਯੁੱਧ ਵਿੱਚ ਹਿੰਦੂ ਜੰਗਜੂ ਯੋਧਿਆਂ ਨੇ ਆਪਣਾ ਬਾਦਸ਼ਾਹ ਬਹਾਦਰ ਸ਼ਾਹ ਜ਼ਫ਼ਰ ਨੂੰ ਚੁਣਿਆ ਸੀ। ਦਿੱਲੀ ਸੈਨਾ ਦੀ ਕਮਾਂਡ ਗਿਰਧਾਰੀ ਲਾਲ, ਹੀਰਾ ਸਿੰਘ ਅਤੇ ਜਰਨੈਲ ਬਖ਼ਤ ਖਾਂ ਦੇ ਹੱਥ ਸੀ। ਰਾਣੀ ਝਾਂਸੀ ਦੇ ਤੋਪਖਾਨੇ ਦਾ ਕਮਾਂਡਰ ਗੌਂਸਖਾਨ ਸੀ ਅਤੇ ਪੈਦਲ ਸੈਨਾ ਦਾ ਖ਼ੁਦਾ ਬਖ਼ਸ਼। ਉਸਦੀ ਨਿੱਜੀ ਸੁਰੱਖਿਆ ਅਧਿਕਾਰੀ ਇੱਕ ਮੁਸਲਿਮ ਮੁਟਿਆਰ ਮਹਿੰਦ ਮੁੰਜ਼ਰ ਸੀ। ਮੱਧ ਪ੍ਰਾਂਤ 'ਚ ਤਾਂਤੀਆ ਟੋਪੇ, ਰਾਵ ਸਾਹਿਬ, ਫ਼ਿਰੋਜ਼ ਸ਼ਾਹ ਅਤੇ ਮੌਲਵੀ ਫ਼ਜ਼ਲ ਹੱਕ 'ਕੱਠੇ ਸਰਗਰਮ ਸਨ। ਕੋਟਾ (ਰਾਜਸਥਾਨ) ਵਿੱਚ ਅੰਗਰੇਜ਼ਾਂ ਦੇ ਪਿੱਠੂ ਮਹਾਰਾਵ ਵਿਰੁੱਧ ਮੁੱਖ ਦਰਬਾਰੀ ਜਯਦਿਆਲ ਭਟਨਾਗਰ ਅਤੇ ਮਹਾਂ ਯੋਧੇ ਮੀਆਂ ਮੇਹਰਬਾਨ ਨੇ 'ਕੱਠਿਆਂ ਹੀ ਬਗਾਵਤ ਕੀਤੀ ਸੀ। ਹਾਂਸੀ (ਹਰਿਆਣਾ) ਦੇ ਹੁਕਮ ਚੰਦ ਅਤੇ ਮੁਨੀਰ ਬੇਗ ਸਾਂਝੇ ਤੌਰ 'ਤੇ ਗੋਰਿਆਂ ਵਿਰੁੱਧ ਜੂਝ-ਮਰੇ ਸਨ। ਰੁਹੇਲਖੰਡ ਦਾ ਖਾਨ ਬਹਾਦੁਰ ਆਪਣੇ ਕ੍ਰਾਂਤੀਕਾਰੀ ਮਿੱਤਰ ਖ਼ੁਸ਼ੀ ਰਾਮ ਸਮੇਤ ਲੜ ਮਰਿਆ ਸੀ।

'ਉਹ' ਕੁਝ ਵੀ ਕਹੀ ਜਾਣ, ਅਸੀਂ 1857 ਦੀਆਂ ਹਿੰਦੂ-ਮੁਸਲਿਮ ਵੀਰਾਂਗਣਾ ਅਸਗਰੀ ਦੇਵੀ, ਬੀਬੀ ਉਮਦਾ, ਹਬੀਬਾ, ਆਸ਼ਾ ਦੇਵੀ, ਭਗਵਤੀ, ਮਾਮ ਕੌਰ ਅਤੇ ਰਾਜ ਕੌਰ ਦੀ ਸਯੁੰਕਤ ਕੁਰਬਾਨੀ ਨੂੰ ਨਹੀਂ ਭੁੱਲ ਸਕਦੇ, ਜਿਹੜੀਆਂ ਆਪਣੇ ਵਤਨ ਖਾਤਿਰ ਰਣ ਖੇਤਰ ਵਿੱਚ ਜੂਝ ਮਰੀਆਂ ਸਨ।

ਵੱਡੀ ਗੱਲ, ਜਦ ਹਨੂੰਮਾਨ ਗੜ੍ਹੀ ਅਯੁੱਧਿਆ ਦੇ ਮੁੱਖ ਪੁਜਾਰੀ ਰਾਮ ਚਰਨ ਦਾਸ ਨੇ ਅੰਗਰੇਜ਼ਾਂ ਵਿਰੁੱਧ ਹਥਿਆਰ ਚੁੱਕੇ ਸਨ ਤਾਂ ਬਿਨਾ ਦੇਰੀ ਅਯੁੱਧਿਆ ਸਥਿਤ ਮੁਸਲਮਾਨਾਂ ਦਾ ਧਰਮ ਗੁਰੂ ਮੌਲਾਨਾ ਅਮੀਰ ਅਲੀ ਉਸ ਨਾਲ ਆ ਮਿਲਿਆ ਸੀ। ਫੜ੍ਹੇ ਜਾਣ ਉਪਰੰਤ ਦੋਹਾਂ ਨੂੰ ਸ਼ਰੇਆਮ ਉਸੇ ਸ਼ਹਿਰ ਦੇ ਕੁਬੇਰ ਟਿੱਲੇ 'ਤੇ ਧੜਵੈਲ ਦਰਖ਼ਤ ਨਾਲ 'ਕੱਠਿਆਂ ਹੀ ਫਾਹੇ ਟੰਗ ਦਿੱਤਾ ਸੀ। ਅਵਧ ਖੇਤਰ ਦੇ ਦੋ ਹੋਰ ਦਾਨਿਸ਼ਵਰਾਂ ਅੱਛਰਖਾਨ ਤੇ ਸ਼ੰਭੂ ਪ੍ਰਸ਼ਾਦ ਦੀ ਗੋਰਿਆਂ ਵਿਰੁੱਧ ਲਹੂ-ਵੀਟਵੀਂ ਲੜਾਈ ਨੂੰ ਵੀ ਅਸੀਂ ਤਾਂ ਨਹੀਂ ਭੁੱਲ ਸਕਦੇ, ਨਾ ਹੀ ਮੌਲਾਨਾ ਲਿਆਕਤ ਅਲੀ ਅਤੇ ਜਫ਼ਰ ਅਲੀ ਥਨੇਸਰੀ ਨੂੰ।"

ਮੌਜੂਦਾ ਹਾਲਾਤ ਦੇ ਸੰਦਰਭ 'ਚ ਮੈਂ ਤੁਹਾਨੂੰ ਇੱਕ ਜੱਗ ਬੀਤੀ ਸੁਨਾਉਣੋਂ ਨਹੀਂ ਰਹਿ ਸਕਦਾ। ਹੋਇਆ ਇਓਂ: "1971 ਦੀ ਪਾਕਿਸਤਾਨ-ਬੰਗਲਾ ਦੇਸ਼ ਜੰਗ ਦੌਰਾਨ ਅਹਿਮਦ ਨਦੀਮ ਕਾਸਮੀ ਨੇ ਇੱਕ ਨਜ਼ਮ ਲਿਖੀ, ਸਿੱਟੇ ਵਜੋਂ ਉਸਨੂੰ ਜੇਲ੍ਹ ਹੋ ਗਈ।

ਕਾਸਮੀ ਦੇ ਭਾਣਜੇ ਨੇ ਆਪਣੀ ਮਾਂ ਨੂੰ ਪੁਛਿਆ, "ਮਾਮੂ ਨੂੰ ਜੇਲ੍ਹ ਕਿਉਂ ਹੋ ਗਈ?"

ਭੈਣ ਬੋਲੀ, "ਤੇਰੇ ਮਾਮੂ ਨੇ ਯਹੀਆਂ ਖਾਂ ਵਿਰੁੱਧ ਕਵਿਤਾ ਜੋ ਲਿਖ ਦਿੱਤੀ, ਤਾਂ ਕਰਕੇ।"

ਬੱਚਾ ਹੈਰਾਨ ਹੋ ਕੇ ਬੋਲਿਆ, "ਇਹ ਕੀ ਗੱਲ ਹੋਈ, ਯਹੀਆਂ ਖਾਂ ਵੀ ਮਾਮੂ ਖਿਲਾਫ ਕਵਿਤਾ ਲਿਖ ਦੇਵੇ।"

"ਇਹੀ ਤਾਂ ਦਿੱਕਤ ਹੈ।" ਮਾਂ ਨੇ ਗੱਲ ਜਾਰੀ ਰੱਖੀ, "ਯਹੀਆਂ ਖਾਂ ਕੋਲ ਕਵਿਤਾ (ਕੋਮਲ ਭਾਵ) ਨਹੀਂ, ਜੇਲ੍ਹ ਹੈ। ਉਹ ਕਵਿਤਾ ਲਿਖ ਹੀ ਨਹੀਂ ਸਕਦਾ।"

ਪਰ ਕੀ, "ਸਾਡੇ ਹੁਣ" ਵਾਲੇ 'ਕਵਿਤਾ' ਲਿਖ ਸਕਦੇ ਹਨ? ਨਹੀਂ, ਬਿਲਕੁਲ ਨਹੀਂ।

ਹਾਂ! 'ਉਹ', ਕਿਤਾਬਾਂ ਤਾਂ ਬਦਲ ਸਕਦੇ ਹਨ, ਪਰ ਇਤਿਹਾਸ ਨਹੀਂ।

ਦਰ-ਹਕੀਕਤ ਕੁੱਝ ਲੋਕਾਂ ਦੀ ਖ਼ਰੂਦੀ, ਬਰੂਦੀ, ਮਹਿਦੂਦੀ (ਕੱਟੜਪੰਥੀ) ਕਾਰਨ ਹੀ ਸਮੁੱਚੇ ਸਮਾਜ ਵਿੱਚ ਅਸਹਿਜਤਾ ਹੈ। ਇਹੀ ਨਹੀਂ, ਬਹੁ-ਗਿਣਤੀ ਲੋਕਾਂ ਦੀ ਮੀਸਣੀ ਚੁੱਪ ਨੇ ਵੀ ਫਿਰਕੂ ਲੋਕਾਂ ਦੀ ਹਜੂਮੀ ਹਿੰਸਾ ਦਾ ਹੌਸਲਾ ਵਧਾਇਆ ਹੈ, ਕਿਸੇ ਦਾ ਥੋੜ੍ਹਾ ਅਤੇ ਕਿਸੇ ਦਾ ਬਹੁਤਾ।

ਇਸੇ ਵਰਗੇ ਖ਼ਰੂਦ ਦੀ ਬਦੌਲਤ ਹੀ ਅੱਜ ਭਾਈ ਲਾਲੋ, ਭਾਈ ਘਨ੍ਹਈਆ ਵਰਗੇ ਸਿੱਖ ਅਗਵਾਈ ਕਰਦੀ ਕਤਾਰ, ਸੰਸਥਾਗਤ ਪ੍ਰਬੰਧ ਅਤੇ ਮੋਹਰੀ ਅਹੁਦਿਆਂ ਵਿੱਚੋਂ ਗੈਰਹਾਜ਼ਰ ਹਨ। ਇਹੀ ਹਾਲ ਬਾਕੀਆਂ ਧਿਰਾਂ ਦਾ ਹੈ।

ਅੱਜ 'ਗੰਗੂ' ਦੀ ਆੜ ਵਿੱਚ ਭਾਈ ਮਤੀ ਦਾਸ-ਸਤੀ ਦਾਸ ਅਤੇ ਭਾਈ ਦਿਆਲਾ ਤੇ ਭਾਈ ਪਰਾਗਾ ਜੀ ਵਿਸਾਰ ਦਿੱਤੇ ਜਾਂਦੇ ਹਨ। ਅਸੀਂ ਸੂਬਾ ਸਰਹੰਦ ਅਤੇ ਔਰੰਗਾ-ਔਰੰਗਾ ਐਨਾ ਕੂਕਦੇ ਹਾਂ ਕਿ ਇਸ ਕਾਂਵਾਂ-ਰੌਲੀ ਵਿੱਚ ਨਬੀ ਖਾਂ-ਗਨੀ ਖਾਂ ਅਤੇ ਪੀਰ ਬੁੱਧੂਸ਼ਾਹ ਵਰਗੇ ਮਨਫ਼ੀ ਹੋ ਜਾਂਦੇ ਹਨ।

ਅਸੀਂ ਭੁੱਲ ਜਾਂਦੇ ਹਾਂ ਕਿ ਪੰਜੇ ਉਂਗਲਾਂ ਬਰੋ-ਬਰਾਬਰ ਨਹੀਂ ਹੁੰਦੀਆਂ- ਨਾ ਖੱਬੇ ਦੀਆਂ, ਨਾ ਸੱਜੇ ਦੀਆਂ। ਖਰੇ-ਖੋਟੇ ਸਭ ਫਿਰਕਿਆਂ-ਕੌਮਾਂ ਵਿੱਚ ਹੁੰਦੇ ਸਨ/ਹਨ। ਤੁਸੀਂ ਮੈਨੂੰ ਸ਼ਾਹ ਮੁਹੰਮਦ ਦੇ ਜੰਗਨਾਮੇ ਵਿੱਚੋਂ ਇੱਕ ਕਵਿਤ ਸੁਣਾਉਣ ਦੀ ਆਗਿਆ ਦਿਓ:

"...ਪਹਾੜਾ ਸਿੰਘ ਸੀ ਯਾਰ ਫਰੰਗੀਆਂ ਦਾ,
ਸਿੰਘਾਂ ਨਾਲ ਸੀ ਓਸ ਦੀ ਗ਼ੈਰ ਸਾਲੀ।
ਉਹ ਤਾਂ ਭੱਜ ਅੰਗਰੇਜ਼ ਨਾਲ ਜਾਇ ਮਿਲਿਆ,
ਗੱਲ ਜਾਇ ਦੱਸੀਂ ਸਾਰੀ ਭੇਤ ਵਾਲੀ।..."

ਪਰ ਕੀ ਕੁੱਝ-ਇੱਕ ਦੇ ਮਾੜੇ ਕਰਮ ਨਾਲ ਉਸ ਨਾਲ ਸਬੰਧਿਤ ਸਾਰੀ ਧਿਰ, ਫਿਰਕਾ ਜਾਂ ਕੌਮ ਮਾੜੀ ਹੋ ਗਈ? "ਹਰਗਿਜ਼ ਨਹੀਂ।"

ਇਹ ਵੀ ਉਹ ਗੱਲ ਹੈ, ਜਿਹੜੀ ਸੰਕੀਰਣਵਾਦੀਆਂ ਖਾਸ ਕਰਕੇ ਫਿਰਕੂ ਹਾਕਮ-ਜਮਾਤਾਂ ਦੇ ਖੋਪੜ 'ਚ ਨਹੀਂ ਵੜਦੀ।

ਪਹਿਲਾਂ ਹੀ ਬਹੁਤਿਆਂ, ਅਚੇਤ-ਸੁਚੇਤ, ਸਿਰਫ਼ ਆਪਣਿਆਂ ਨੂੰ ਹੀ ਵਡਿਆਇਆ ਹੈ, ਵਡਿਆਉਣਾ ਵੀ ਚਾਹੀਦਾ, ਪਰ ਜੇ ਬੰਦਾ ਜ਼ਿਕਰ ਅਤੇ ਬੱਲੇ-ਬੱਲੇ ਦੂਜੀਆਂ ਧਿਰਾਂ ਦੀ ਵੀ ਕਰ ਲਈਏ ਤਾਂ ਸਿੱਟੇ ਬੜੇ ਹਾਂਦਰੂ ਅਤੇ ਦੂਰ-ਰਸ ਨਿਕਲਣਗੇ। ਇਸੇ ਗੱਲ ਵਿੱਚ ਹੀ ਸਾਡਾ ਸਭ ਦਾ ਭਲਾ ਲੁਕਿਆ ਹੋਇਆ ਹੈ।

ਮੁੱਕਦੀ ਗੱਲ, ਇਤਿਹਾਸ ਨਿਰੰਤਰ ਵਹਿੰਦਾ ਦਰਿਆ ਹੈ। ਇਸ ਦਾ ਅਤੀਤ, ਵਰਤਮਾਨ ਅਤੇ ਭਵਿੱਖ ਆਪਣੇ ਆਪ 'ਚ ਆਜ਼ਾਦ ਨਹੀਂ, ਸਗੋਂ ਅੰਤਰ-ਸਬੰਧਿਤ ਵਰਤਾਰੇ ਹਨ। ਇਤਿਹਾਸ ਮੇਸਿਆ ਨਹੀਂ ਜਾ ਸਕਦਾ, ਨਾ ਹੀ ਇਸਨੂੰ ਖਿੱਚ ਕੇ ਆਪਣੇ ਮੇਚ ਦਾ ਕੀਤਾ ਜਾ ਸਕਦਾ ਹੈ। ਸੱਚ ਅਤੇ ਇਤਿਹਾਸ ਸੌ ਪਰਦੇ ਪਾੜ ਕੇ ਸਾਹਵੇਂ ਆ ਖੜ੍ਹੋਂਦਾ ਹੈ। ਇਤਿਹਾਸ 'ਤੇ ਪੋਚਾ ਮਾਰਨਾ ਫਾਸ਼ੀਵਾਦ ਦਾ ਹੀ ਇਜ਼ਹਾਰ ਹੈ।

ਅੰਤ ਵਿੱਚ ਮੈਂ ਚਿੰਤਕ ਪ੍ਰਸ਼ੋਤਮ ਅਗਰਵਾਲ ਦੇ ਇੱਕ ਕਥਨ ਨਾਲ ਆਪਣੀ ਗੱਲ ਮੁਕਾਵਾਂਗਾ, "ਸੱਤਾ ਦੇ ਨਸ਼ੇ ਵਿੱਚ ਡੁੱਬੇ ਲੋਕ ਕਿਤਾਬਾਂ ਬਦਲ ਸਕਦੇ ਹਨ, ਇਤਿਹਾਸ ਨਹੀਂ।" ਇਹੀ ਉਹ ਗੱਲ ਹੈ, ਜਿਹੜੀ ਕਈਆਂ ਦੇ ਪੱਲੇ ਨਹੀਂ ਪੈਂਦੀ।

# ਲੋਕਾਂ ਦਾ ਸੱਚਾ-ਸੁੱਚਾ ਹਮਦਰਦ ਸੀ ਬਾਬਾ ਸੋਹਣ ਸਿੰਘ ਭਕਨਾ

ਬਾਬਾ ਸੋਹਣ ਸਿੰਘ ਭਕਨਾ ਇੱਕ ਮਹਾਨ ਯੋਧਾ ਤੇ ਪ੍ਰਸਿੱਧ ਦੇਸ਼-ਭਗਤ ਹੋਏ ਹਨ। ਉਹ ਅਮਰੀਕਾ ਵੱਸਦੇ ਭਾਰਤੀਆਂ ਵੱਲੋਂ ਬਣਾਈ 'ਗ਼ਦਰ-ਪਾਰਟੀ' ਦੇ ਪਹਿਲੇ ਪ੍ਰਧਾਨ ਸਨ। ਉਨ੍ਹਾਂ ਨੇ ਆਪਣੇ ਜੀਵਨ ਦੇ 26 ਸਾਲ ਅੰਗਰੇਜ਼ਾਂ ਦੀਆਂ ਜੇਲ੍ਹਾਂ ਵਿੱਚ ਬਿਤਾਏ। ਬਾਬਾ ਭਕਨਾ ਬੜੀ ਹੀ ਨਿੱਘੀ ਤੇ ਉੱਚੀ ਸ਼ਖ਼ਸੀਅਤ ਦੇ ਮਾਲਕ ਵੀ ਸਨ। ਉਨ੍ਹਾਂ ਦੇ ਜੀਵਨ ਨਾਲ ਸਬੰਧਿਤ ਕੁਝ ਘਟਨਾਵਾਂ ਇਸ ਤਰ੍ਹਾਂ ਹਨ:

**ਪੇਸ਼ਕਸ਼: ਬਿੱਲਾ ਦੌਲਤਪੁਰੀਆ**

ਕੈਦ ਕੱਟਣ ਪਿੱਛੋਂ ਉਹ ਪਿੰਡ ਹੀ ਰਹੇ। ਦੇਸ਼-ਭਗਤਾਂ ਦੇ ਬੱਚਿਆਂ ਨੂੰ ਪਾਲਣ-ਪੋਸਣ ਲਈ ਉਨ੍ਹਾਂ ਨੇ 'ਕਿਰਤੀ-ਕਿਸਾਨ ਆਸ਼ਰਮ' ਖੋਲ੍ਹ ਲਿਆ। ਸਕੂਲ ਵਿੱਚ ਸਾਰੇ ਰਲ ਕੇ ਹੀ ਕੰਮ ਕਰਦੇ ਤੇ ਰਲ੍ਹ ਕੇ ਹੀ ਖਾਂਦੇ। ਉਨ੍ਹਾਂ ਨੇ ਬੱਚਿਆਂ ਦੇ ਸਕੂਲ ਲਈ ਆਪਣੀ ਦਸ ਏਕੜ ਜ਼ਮੀਨ ਦੇ ਦਿੱਤੀ। ਫਿਰ ਹਜ਼ਾਰਾਂ ਰੁਪਏ ਇਕੱਠੇ ਕਰ ਕੇ ਆਪਣੇ ਪਿੰਡ ਵਿੱਚ ਸਕੂਲ ਦੀ ਉਸਾਰੀ ਕਰਵਾਈ।

ਇੱਕ ਵਾਰ ਬਾਬਾ ਜੀ ਆਪਣੇ ਖੇਤਾਂ ਵੱਲ ਜਾ ਰਹੇ ਸਨ। ਆਪਣੇ ਕਮਾਦ ਦੇ ਖੇਤ ਨੇੜੇ ਉਨ੍ਹਾਂ ਨੇ ਕੁਝ ਬੱਚਿਆਂ ਦੀ ਗੱਲ-ਬਾਤ ਸੁਣੀ। ਇਹ ਬੱਚੇ ਗੰਨੇ ਚੂਪਣ ਦੀਆਂ ਸਲਾਹਾਂ ਕਰ ਰਹੇ ਸਨ। ਬੱਚੇ ਬਾਬਾ ਜੀ ਦੇ ਬਣਾਏ ਸਕੂਲ ਵਿੱਚ ਪੜ੍ਹਦੇ ਸਨ। ਇੱਕ ਬੱਚੇ ਨੇ ਕਿਹਾ, "ਏਦਾਂ ਚੋਰੀ ਗੰਨੇ ਪੁੱਟਣਾ ਠੀਕ ਨਹੀਂ, ਬਾਬਾ ਜੀ ਗੁੱਸੇ ਹੋਣਗੇ।"

ਬਾਕੀ ਬੱਚੇ ਵੀ ਉਸ ਦੀ ਗੱਲ ਮੰਨ ਗਏ। ਉਹ ਗੰਨੇ ਚੂਪੇ ਬਗ਼ੈਰ ਹੀ ਚਲੇ ਗਏ।

ਅਗਲੇ ਦਿਨ ਬਾਬਾ ਜੀ ਨੇ ਪ੍ਰਾਰਥਨਾ ਵੇਲੇ ਪਹਿਲੇ ਦਿਨ ਦੀ ਘਟਨਾ ਸੁਣਾਈ। ਉਨ੍ਹਾਂ ਨੇ ਚੋਰੀ ਗੰਨੇ ਪੁੱਟਣ ਦੀ ਸਲਾਹ ਕਰਨ ਵਾਲੇ ਅਤੇ ਉਨ੍ਹਾਂ ਨੂੰ ਵਰਜਣ ਵਾਲੇ ਬੱਚਿਆਂ ਬਾਰੇ ਪੁੱਛਿਆ।

ਉਨ੍ਹਾਂ ਬੱਚਿਆਂ ਦੇ ਖੜ੍ਹੇ ਹੋਣ 'ਤੇ ਬਾਬਾ ਜੀ ਬਹੁਤ ਖ਼ੁਸ਼ ਹੋਏ। ਤਦ ਉਨ੍ਹਾਂ ਨੇ ਸਿਰਫ਼ ਉਨ੍ਹਾਂ ਬੱਚਿਆਂ ਨੂੰ ਹੀ ਨਹੀਂ, ਸਗੋਂ ਸਕੂਲ ਦੇ ਸਾਰੇ ਬੱਚਿਆਂ ਨੂੰ ਕਮਾਦ ਦੇ ਖੇਤ ਵਿੱਚ ਜਾ ਕੇ ਗੰਨੇ ਚੂਪਣ ਲਈ ਕਿਹਾ।

ਇੱਕ ਵਾਰ ਕਿਸੇ ਦੇਸ ਦਾ ਰਾਜਦੂਤ ਬਾਬਾ ਜੀ ਦੇ ਆਸ਼ਰਮ ਵਿੱਚ ਉਨ੍ਹਾਂ ਨੂੰ ਮਿਲਣ ਆਇਆ। ਉਸ ਨੇ ਬਾਬਾ ਜੀ ਤੋਂ ਪੁੱਛਿਆ, "ਬਾਬਾ ਜੀ, ਤੁਹਾਡੀ ਸੰਤਾਨ?"


ਬਾਬਾ ਜੀ ਨੇ ਸਹਿਜ-ਸੁਭਾਅ 'ਤਿੰਨ ਸੌ' ਕਹਿ ਦਿੱਤਾ। ਰਾਜਦੂਤ ਬੜਾ ਹੈਰਾਨ ਹੋਇਆ। ਉਸ ਦੇ ਦੁਬਾਰਾ ਪੁੱਛਣ 'ਤੇ ਬਾਬਾ ਜੀ ਨੇ ਸਾਹਮਣੇ ਸਕੂਲ ਵੱਲ ਇਸ਼ਾਰਾ ਕੀਤਾ। ਉਨ੍ਹਾਂ ਨੇ ਕਿਹਾ, "ਅਹੁ ਸਾਹਮਣੇ ਸਕੂਲ ਵਿੱਚ ਪੜ੍ਹਦੇ ਹਨ, ਮੇਰੇ ਤਿੰਨ ਸੌ ਬੱਚੇ।"

ਇੱਕ ਵਾਰ ਬਾਬਾ ਸੋਹਣ ਸਿੰਘ ਭਕਨਾ ਨੂੰ ਉਨ੍ਹਾਂ ਦੇ ਲਿਖੇ ਇੱਕ ਲੇਖ ਦੇ ਸੇਵਾ-ਫਲ ਵਜੋਂ ਤਿੰਨ ਸੌ ਰੁਪਏ ਮਿਲੇ। ਉਨ੍ਹਾਂ ਨੇ ਇਨ੍ਹਾਂ ਪੈਸਿਆਂ ਨਾਲ ਸਕੂਲ ਦੇ ਗ਼ਰੀਬ ਬੱਚਿਆਂ ਨੂੰ ਵਰਦੀਆਂ ਅਤੇ ਬੂਟ ਲੈ ਦਿੱਤੇ। ਇਸ ਤਰ੍ਹਾਂ ਉਨ੍ਹਾਂ ਨੂੰ ਜਿਹੜੀ ਆਮਦਨ ਹੁੰਦੀ, ਸਕੂਲ ਦੇ ਬੱਚਿਆਂ ਲਈ ਖ਼ਰਚ ਕਰ ਦਿੱਤੀ ਜਾਂਦੀ।

ਬਾਬਾ ਜੀ ਨੇ ਜਿਹੜਾ ਸਕੂਲ ਬਣਾਇਆ, ਉਸ ਨੂੰ ਚੰਗੀ ਤਰ੍ਹਾਂ ਚਲਾਉਣ ਲਈ ਸਕੂਲ ਦੇ ਅਧਿਆਪਕ ਵੀ ਤੇ ਬੱਚੇ ਵੀ ਮਿਲ ਕੇ ਯਤਨ ਕਰਦੇ ਸਨ।

ਇੱਕ ਵਾਰ ਲੋਹੜੀ ਦੇ ਦਿਨ ਉਸ ਵੇਲੇ ਦੇ ਮੁੱਖ-ਅਧਿਆਪਕ ਬੱਚਿਆਂ ਨੂੰ ਨਾਲ ਲੈ ਕੇ ਬਾਬਾ ਜੀ ਦੇ ਆਸ਼ਰਮ ਗਏ। ਬਾਬਾ ਜੀ ਨੇ ਮਾਤਾ ਜੀ ਨੂੰ ਪੁੱਛਿਆ, "ਘਰ ਵਿੱਚ ਤੁਹਾਨੂੰ ਕਿਹੜੀ ਚੀਜ਼ ਸਭ ਤੋਂ ਵੱਧ ਚੰਗੀ ਲੱਗਦੀ ਏ?" ਮਾਤਾ ਜੀ ਨੇ ਮੱਝ ਵੱਲ ਇਸ਼ਾਰਾ ਕੀਤਾ।

ਬਾਬਾ ਜੀ ਕਹਿਣ ਲੱਗੇ, "ਘਰ ਦੀ ਕਿਸੇ ਚੀਜ਼ ਨਾਲੋਂ ਸਕੂਲ ਕਿਤੇ ਚੰਗਾ ਹੁੰਦਾ ਹੈ, ਜਿੱਥੇ ਬੱਚਿਆਂ ਦੀ ਜ਼ਿੰਦਗੀ ਬਣਦੀ ਏ। ਇਹ ਮੱਝ ਸਕੂਲ ਨੂੰ ਦਾਨ ਦੇ ਦਿਓ।" ਮਾਤਾ ਜੀ ਨੇ ਮੱਝ ਕਿੱਲੇ ਤੋਂ ਖੋਲ੍ਹੀ ਤੇ ਲੋਹੜੀ ਮੰਗਣ ਵਾਲਿਆਂ ਨੂੰ ਫੜਾ ਦਿੱਤੀ। ਉਨ੍ਹਾਂ ਮੱਝ ਵੇਚ ਕੇ ਰਕਮ ਸਕੂਲ-ਫ਼ੰਡ ਵਿੱਚ ਜਮ੍ਹਾਂ ਕਰ ਲਈ। ਇਸ ਤਰ੍ਹਾਂ ਬਾਬਾ ਜੀ ਹੀ ਨਹੀਂ, ਮਾਤਾ ਜੀ ਵੀ ਬੱਚਿਆਂ ਦੀ ਭਲਾਈ ਲਈ ਸਭ ਕੁਝ ਅਰਪਣ ਕਰਨ ਲਈ ਤਿਆਰ ਰਹਿੰਦੇ ਸਨ।



ਇੱਕ ਵਾਰ ਬਾਬਾ ਜੀ ਆਪਣੇ ਪੁਰਾਣੇ ਘਰ ਨੂੰ ਢਾਹ ਕੇ ਨਵਾਂ ਘਰ ਬਣਾਉਣ ਬਾਰੇ ਸੋਚ ਰਹੇ ਸਨ। ਉਹ ਪਿੰਡ ਦੇ ਮਿਸਤਰੀਆਂ ਨੂੰ ਲੈ ਕੇ ਗਾਡਰ ਆਦਿ ਲੈਣ ਲਈ ਸ਼ਹਿਰ ਚਲੇ ਗਏ। ਰਸਤੇ ਵਿੱਚ ਟੱਪਰੀਵਾਸਾਂ ਦੀਆਂ ਟੱਪਰੀਆਂ ਵੇਖ ਕੇ ਮਨ ਪੱਘਰ ਗਿਆ। ਸ਼ਹਿਰ ਤੋਂ ਗਾਡਰ ਦੀ ਥਾਂ ਬਾਂਸ ਅਤੇ ਸਿਰਕੀਆਂ ਲੈ ਕੇ ਮੁੜੇ। ਫਿਰ ਉਹ ਇਨ੍ਹਾਂ ਝੁੱਗੀਆਂ ਜਿਹੇ ਘਰ ਵਿੱਚ ਹੀ ਅੰਤਲੇ ਪਲਾਂ ਤੱਕ ਰਹੇ। ਕੋਈ ਪੁੱਛਦਾ ਤਾਂ ਕਹਿੰਦੇ, "ਮੇਰੇ ਦੇਸ਼ ਦੀ ਜਨਤਾ ਨੂੰ ਚੱਜ ਨਾਲ ਰਹਿਣ ਜੋਗੇ ਮਕਾਨ ਨਹੀਂ ਜੁੜੇ। ਫੇਰ ਮੇਰੀ ਦੇਸ-ਭਗਤੀ ਕਾਹਦੀ ਹੋਈ, ਜੇ ਮੈਂ ਆਲੀਸ਼ਾਨ ਘਰਾਂ ਵਿੱਚ ਰਹਾਂ?"

ਉਨ੍ਹਾਂ ਵੱਲੋਂ ਲਾਏ ਇੱਕ ਆੜੂ ਦੇ ਬੂਟੇ ਨੂੰ ਇੱਕ ਵਾਰ ਇੱਕ ਆੜੂ ਲੱਗਾ। ਬੱਚਿਆਂ ਨੇ ਚਾਈਂ-ਚਾਈਂ ਬਾਬਾ ਜੀ ਨੂੰ ਦੱਸਿਆ। ਉਸ ਆੜੂ ਉੱਤੇ ਕੱਪੜੇ ਦੀ ਪੋਟਲੀ ਜਿਹੀ ਚੜ੍ਹਵਾ ਦਿੱਤੀ ਗਈ। ਪੱਕ ਜਾਣ 'ਤੇ ਬਾਬਾ ਜੀ ਨੇ ਉਸ ਆੜੂ ਨੂੰ ਬੱਚਿਆਂ ਵਿੱਚ ਭੋਰਾ-ਭੋਰਾ ਕਰਕੇ ਵੰਡਿਆ। ਇਸ 'ਸਾਂਝੀ-ਵੰਡ' ਵਿੱਚ ਬਾਬਾ ਜੀ ਤੇ ਬੱਚਿਆਂ ਨੂੰ ਬਹੁਤ ਖ਼ੁਸ਼ੀ ਹੋਈ।

ਇਸ ਮਹਾਨ ਦੇਸ-ਭਗਤ ਦਾ ਜਨਮ ਪਿੰਡ 'ਭਕਨਾ' ਵਿਖੇ ਜਨਵਰੀ 1870 ਵਿੱਚ ਹੋਇਆ ਸੀ। ਬੱਚਿਆਂ ਅਤੇ ਜਨਤਾ ਦਾ ਸੱਚਾ-ਸੁੱਚਾ ਹਮਦਰਦ ਬੜੀ ਸਿਹਤਮੰਦ ਤੇ ਲੰਮੀ ਉਮਰ ਭੋਗ ਕੇ 21 ਦਸੰਬਰ 1968 ਨੂੰ ਸਦਾ ਲਈ ਅੱਖਾਂ ਮੀਟ ਗਿਆ।



■⇒ ਦੋਹਾ-2023 ਡਾਇਮੰਡ ਲੀਗ 'ਚ ਜਿੱਤਿਆ ਦੂਜਾ ਗੋਲਡ ਮੈਡਲ

■⇒ ਜਕਾਰਤਾ-2018 ਏਸ਼ੀਅਨ ਖੇਡਾਂ 'ਚ ਏਸ਼ੀਅਨ ਰਿਕਾਰਡ ਨਾਲ ਜਿੱਤਿਆ ਸੀ ਗੋਲਡ

■⇒ ਓਲੰਪਿਕ, ਡਾਇਮੰਡ ਲੀਗ, ਏਸ਼ੀਅਨ ਖੇਡਾਂ ਤੇ ਕਾਮਨਵੈਲਥ ਖੇਡਾਂ 'ਚ ਗੋਲਡ ਜਿੱਤਣ ਵਾਲਾ ਇੰਡੀਆ ਦਾ ਪਲੇਠਾ ਅਥਲੀਟ

■⇒ ਜੂਨੀਅਰ ਵਿਸ਼ਵ ਅਥਲੈਟਿਕਸ ਚੈਂਪੀਅਨਸ਼ਿਪ 'ਚ ਗੋਲਡ ਮੈਡਲ ਜੇਤੂ ਪਹਿਲਾ ਅਥਲੀਟ

# ਗੋਲਡ ਮੈਡਲ ਫੁੰਡਣ ਵਾਲਾ ਜੈਵਲਿਨ ਥਰੋਅਰ ਨੀਰਜ ਚੋਪੜਾ

**ਹਰਨੂਰ ਸਿੰਘ ਮਨੌਲੀ (ਐਡਵੋਕੇਟ)**
**ਫੋਨ: 91-94171-82993**

ਹਰਿਆਣਾ ਦੇ ਜ਼ਿਲ੍ਹਾ ਪਾਣੀਪਤ ਦੇ ਪਿੰਡ ਖਾਂਦਰਾ ਦੇ ਜੈਵਲਿਨ ਥਰੋਅਰ ਨੀਰਜ ਚੋਪੜਾ ਨੇ ਟੋਕੀਓ-2020 ਓਲੰਪਿਕ ਖੇਡਾਂ 'ਚ ਟਰੈਕ ਐਂਡ ਫੀਲਡ ਅਥਲੈਟਿਕਸ ਮੁਕਾਬਲੇ 'ਚ ਗੋਲਡ ਮੈਡਲ ਜਿੱਤ ਕੇ ਨਵਾਂ ਇਤਿਹਾਸ ਸਿਰਜਣ ਤੋਂ ਬਾਅਦ ਆਪਣੇ ਖੇਡ ਕਰੀਅਰ 'ਚ ਇੱਕ ਹੋਰ ਨਵਾਂ ਕੋਕਾ ਜੜ ਦਿੱਤਾ ਹੈ। ਦੋਹਾ 'ਚ ਖੇਡੀ ਗਈ ਡਾਇਮੰਡ ਲੀਗ 'ਚ ਨੀਰਜ ਚੋਪੜਾ ਨੇ 4 ਮਈ ਨੂੰ ਜੈਵਲਿਨ ਨਾਲ 88.44 ਮੀਟਰ ਦੀ ਦੂਰੀ ਨਾਪ ਕੇ ਗੋਲਡ ਮੈਡਲ 'ਤੇ ਆਪਣਾ ਕਬਜ਼ਾ ਜਮਾਇਆ ਹੈ। ਡਾਇਮੰਡ ਲੀਗ ਟੂਰਨਾਮੈਂਟ 'ਚ ਓਲੰਪੀਅਨ ਨੀਰਜ ਚੋਪੜਾ ਦਾ ਦੂਜਾ ਗੋਲਡ ਮੈਡਲ ਹੈ। ਦੋਹਾ ਤੋਂ ਪਹਿਲਾਂ ਡਿਫੈਂਡਿੰਗ ਚੈਂਪੀਅਨ ਨੀਰਜ ਚੋਪੜਾ ਨੇ ਡਾਇਮੰਡ ਲੀਗ ਸਟਾਕਹੋਮ-2022 (ਸਵੀਡਨ) 'ਚ 89.94 ਮੀਟਰ ਦੀ ਥਰੋਅ ਨਾਲ ਪਹਿਲਾ ਗੋਲਡ ਮੈਡਲ ਆਪਣੇ ਨਾਮ ਕੀਤਾ ਸੀ। ਸਟਾਕਹੋਮ 'ਚ 89.94 ਮੀਟਰ ਦੀ ਥਰੋਅ ਨੀਰਜ ਦੇ ਖੇਡ ਕਰੀਅਰ ਦੀ ਬੈਸਟ ਥਰੋਅ ਹੈ। ਹਾਲਾਂਕਿ ਨੀਰਜ ਚੋਪੜਾ ਕਰੀਅਰ 'ਚ 90 ਮੀਟਰ ਦੀ ਦੂਰੀ 'ਤੇ ਜੈਵਲਿਨ ਸੁੱਟਣ ਦਾ ਸੁਪਨਾ ਸਾਕਾਰ ਨਹੀਂ ਸੀ ਕਰ ਸਕਿਆ। ਦੋਹਾ ਡਾਇਮੰਡ ਲੀਗ ਮੁਕਾਬਲੇ 'ਚ ਚੈੱਕ ਗਣਰਾਜ ਦੇ ਥਰੋਅਰ ਜੈਕਬ ਵੇਦਲੇਜਚ ਨੇ 86.94 ਮੀਟਰ ਦੀ ਥਰੋਅ ਨਾਲ ਦੂਜਾ ਅਤੇ ਜਰਮਨੀ ਦੇ ਥਰੋਅਰ ਜੂਲੀਅਨ ਵੇਬਰ ਨੂੰ 83.73 ਮੀਟਰ ਦੀ ਦੂਰੀ 'ਤੇ ਜੈਵਲਿਨ ਸੁੱਟਣ ਸਦਕਾ ਤੀਜਾ ਰੈਂਕ ਹਾਸਲ ਹੋਇਆ ਹੈ।

ਦੋਹਾ ਡਾਇਮੰਡ ਲੀਗ 'ਚ ਸੋਨ ਤਗਮਾ ਜੇਤੂ ਓਲੰਪੀਅਨ ਅਥਲੀਟ ਨੀਰਜ ਚੋਪੜਾ ਨੇ ਟੋਕੀਓ ਓਲੰਪਿਕ 'ਚ ਚੈਂਪੀਅਨ ਨਾਮਜ਼ਦ ਹੋਣ ਤੋਂ ਪਹਿਲਾਂ ਜਕਾਰਤਾ-2018 ਏਸ਼ੀਅਨ ਖੇਡਾਂ, ਕਾਮਨਵੈਲਥ ਖੇਡਾਂ ਗੋਲਡ ਕੋਸਟ-2018 'ਚ ਗੋਲਡ ਮੈਡਲ ਜਿੱਤਣ ਵਾਲਾ ਨੀਰਜ ਚੋਪੜਾ ਪਹਿਲਾ ਥਰੋਅਰ ਨਾਮਜ਼ਦ ਹੋਇਆ ਸੀ। ਇਹੀ ਨਹੀਂ, ਜਕਾਰਤਾ 'ਚ ਏਸ਼ੀਅਨ ਖੇਡਾਂ 'ਚ ਨੀਰਜ ਚੋਪੜਾ ਨੇ ਜੈਵਲਿਨ 'ਚ ਨਵੀਂ ਦੂਰੀ ਨਾਪ ਸਦਕਾ ਨਵਾਂ ਏਸ਼ੀਅਨ ਰਿਕਾਰਡ ਵੀ ਸਿਰਜਿਆ ਸੀ। ਨੇਜੇ ਦਾ ਸੁਟਾਵਾ ਨੀਰਜ ਚੋਪੜਾ 60 ਸਾਲ ਬਾਅਦ ਏਸ਼ੀਅਨ ਖੇਡਾਂ ਅਤੇ ਕਾਮਨਵੈਲਥ ਖੇਡਾਂ 'ਚ ਲਗਾਤਾਰ ਦੋ ਸੋਨ ਤਗਮੇ ਜਿੱਤਣ ਵਾਲਾ ਦੇਸ਼ ਦਾ ਦੂਜਾ ਖਿਡਾਰੀ ਨਾਮਜ਼ਦ ਹੋਇਆ। ਨੀਰਜ ਤੋਂ ਪਹਿਲਾਂ ਉੱਡਣੇ ਸਿੱਖ ਮਿਲਖਾ ਸਿੰਘ ਨੇ ਇੱਕੋ ਸਾਲ 'ਚ ਏਸ਼ਿਆਈ ਖੇਡਾਂ ਟੋਕੀਓ-1958 ਅਤੇ ਰਾਸ਼ਟਰਮੰਡਲ ਖੇਡਾਂ ਬ੍ਰਿਟੇਨ-1958 'ਚ ਦੋ ਗੋਲਡ ਮੈਡਲ ਜਿੱਤਣ ਸਦਕਾ ਆਪਣੀ ਬੱਲੇ-ਬੱਲੇ ਕਰਵਾਈ ਸੀ।

ਓਲੰਪੀਅਨ ਅਥਲੀਟ ਨੀਰਜ ਚੋਪੜਾ ਦੇਸ਼ ਦਾ ਪਹਿਲਾ ਟਰੈਕ ਐਂਡ ਫੀਲਡ ਅਥਲੀਟ ਹੈ, ਜਿਸ ਨੇ ਜੂਨੀਅਰ ਵਰਲਡ ਅਥਲੈਟਿਕਸ ਚੈਂਪੀਅਨਸ਼ਿਪ-2016 'ਚ ਗੋਲਡ ਮੈਡਲ 'ਤੇ ਜੈਵਲਿਨ ਸੁੱਟਣ ਦਾ ਕ੍ਰਿਸ਼ਮਾ ਕੀਤਾ ਹੋਇਆ ਹੈ। ਇਸ ਤੋਂ ਇਲਾਵਾ ਨੀਰਜ ਚੋਪੜਾ ਨੇ ਯੂਜੀਨ-2022 'ਚ ਸੰਪੰਨ ਹੋਈ ਸੀਨੀਅਰ ਵਰਲਡ ਅਥਲੈਟਿਕਸ ਚੈਂਪੀਅਨਸ਼ਿਪ 'ਚ ਸਿਲਵਰ ਮੈਡਲ ਜਿੱਤਣ ਤੋਂ ਇਲਾਵਾ ਏਸ਼ੀਅਨ ਚੈਂਪੀਅਨਸ਼ਿਪ ਭੁਬਨੇਸ਼ਵਰ-2017 'ਚ ਸੋਨ ਤਗਮਾ ਤੇ ਸਾਊਥ ਏਸ਼ੀਅਨ ਗੇਮਜ਼ ਗੁਹਾਟੀ-2016 'ਚ ਗੋਲਡ ਮੈਡਲ 'ਤੇ ਆਪਣੇ ਨਾਮ ਦੀ ਸਟੈਂਪ ਲਾਈ ਹੋਈ ਹੈ।

ਨੀਰਜ ਚੋਪੜਾ ਇੰਡੀਆ ਦਾ ਨਿਵੇਕਲਾ ਅਥਲੀਟ ਹੈ, ਜਿਸ ਨੇ ਟੋਕੀਓ ਓਲੰਪਿਕ 'ਚ ਪਹਿਲੇ ਗੇੜ ਦੇ ਗਰੁੱਪ-ਏ 'ਚ ਪਹਿਲੇ ਸਥਾਨ ਨਾਲ ਫਾਈਨਲ ਖੇਡਣ ਦਾ ਟਿਕਟ ਕਟਾਇਆ ਸੀ। ਉਂਜ ਨੀਰਜ ਨੂੰ ਗਰੁੱਪ-ਏ ਅਤੇ ਗਰੁੱਪ-ਬੀ 'ਚ ਫਾਈਨਲ 'ਚ ਪਹੁੰਚੇ ਥਰੋਅਰਾਂ 'ਚ ਦੂਜਾ ਰੈਂਕ ਹਾਸਲ ਹੋਇਆ ਸੀ, ਪਰ ਫਾਈਨਲ 'ਚ ਨੀਰਜ ਚੋਪੜਾ ਨੇ ਪਹਿਲੀ ਹੀ 87.03 ਮੀਟਰ ਦੀ ਥਰੋਅ ਨਾਲ ਆਪਣੇ ਇਰਾਦੇ ਸਪਸ਼ਟ ਕਰ ਦਿੱਤੇ ਸਨ। ਇਸ ਤੋਂ ਬਾਅਦ ਨੀਰਜ ਚੋਪੜਾ ਨੇ ਦੂਜੀ ਥਰੋਅ 87.58 ਮੀਟਰ 'ਤੇ ਲਗਾ ਕੇ ਸੋਨ ਤਗਮੇ 'ਤੇ ਆਪਣਾ ਦਾਅਵਾ ਠੋਕਣ 'ਚ ਕੋਈ ਕਸਰ ਨਹੀਂ ਰਹਿਣ ਦਿੱਤੀ। ਫਾਈਨਲ 'ਚ ਪਹੁੰਚੇ 12 ਥਰੋਅਰਾਂ 'ਚ ਨੀਰਜ ਚੋਪੜਾ ਤੋਂ ਬਾਅਦ ਚੈੱਕ ਗਣਰਾਜ ਦਾ ਥਰੋਅਰ 86.67 ਮੀਟਰ 'ਤੇ ਹੀ ਭਾਲਾ ਸੁੱਟਣ 'ਚ ਸਫਲ ਹੋਇਆ, ਜਿਸ ਨੂੰ ਸਿਲਵਰ ਮੈਡਲ ਹਾਸਲ ਹੋਇਆ, ਜਦਕਿ ਚੈੱਕ ਗਣਰਾਜ ਦੇ ਦੂਜੇ ਥਰੋਅਰ ਵੀ. ਵੈਸਲੀ ਨੂੰ 85.44 ਮੀਟਰ ਦੂਰੀ ਨਾਪਣ ਸਦਕਾ ਤਾਂਬੇ ਦਾ ਤਗਮਾ ਹਾਸਲ ਹੋਇਆ ਹੈ।

ਇਹ ਪਹਿਲੀ ਵਾਰ ਹੋਇਆ ਹੈ ਕਿ ਭਾਰਤ ਦੇ ਕਿਸੇ ਅਥਲੀਟ ਨੇ ਜੈਵਲਿਨ ਥਰੋਅਰ ਕਰਨ ਲਈ ਓਲੰਪਿਕ ਖੇਡਣ ਦੀ ਉਡਾਉਣ ਭਰੀ ਸੀ। ਓਲੰਪਿਕ ਖੇਡਾਂ ਦੇ ਇਤਿਹਾਸ 'ਚ ਇਹ ਵੀ ਪਹਿਲੀ ਵਾਰ ਹੋਇਆ ਹੈ ਕਿ ਨੀਰਜ ਚੋਪੜਾ ਤੋਂ ਬਾਅਦ ਏਸ਼ੀਆ ਦੇ ਦੂਜੇ ਅਥਲੀਟ ਪਾਕਿਸਤਾਨ ਦੇ ਥਰੋਅਰ ਨਦੀਮ ਅਹਿਮਦ ਨੇ ਓਲੰਪਿਕ ਖੇਡਣ ਲਈ ਕੁਆਲੀਫਾਈ ਕਰਕੇ ਜੈਵਲਿਨ ਸੁੱਟਣ ਦੇ ਫਾਈਨਲ 'ਚ 84.62 ਮੀਟਰ ਦੀ ਬੈਸਟ ਥਰੋਅ ਨਾਲ 5ਵਾਂ ਰੈਂਕ ਹਾਸਲ ਕੀਤਾ ਸੀ। ਨੀਰਜ ਚੋਪੜਾ ਨੇ ਓਲੰਪਿਕ ਖੇਡਾਂ ਦੇ 100 ਸਾਲਾ ਇਤਿਹਾਸ 'ਚ ਦੇਸ਼ ਲਈ ਟਰੈਕ ਐਂਡ ਫੀਲਡ ਅਥਲੈਟਿਕਸ 'ਚ ਜਿੱਥੇ ਪਹਿਲਾ ਗੋਲਡ ਮੈਡਲ ਹਾਸਲ ਕੀਤਾ ਹੈ, ਉੱਥੇ ਉਸ ਨੇ ਓਲੰਪਿਕ ਖੇਡਾਂ 'ਚ ਦੇਸ਼ ਦੀ ਝੋਲੀ 'ਚ 10ਵਾਂ ਸੋਨ ਤਗਮਾ ਪਾਇਆ ਹੈ। ਨੀਰਜ ਚੋਪੜਾ ਤੋਂ ਪਹਿਲਾਂ ਓਲੰਪਿਕ ਖੇਡਾਂ 'ਚ ਇੰਡੀਅਨ ਹਾਕੀ ਟੀਮ ਨੇ 8 ਸੋਨ ਤਗਮੇ ਅਤੇ 9ਵਾਂ ਗੋਲਡ ਮੈਡਲ ਬੀਜਿੰਗ-2008 ਓਲੰਪਿਕ ਗੇਮਜ਼ 'ਚ ਪੰਜਾਬ ਨਾਲ ਸਬੰਧਤ ਨਿਸ਼ਾਨੇਬਾਜ਼ ਅਭਿਨਵ ਬਿੰਦਰਾ ਨੇ ਸ਼ੂਟਿੰਗ 'ਚ ਜਿੱਤਿਆ ਗਿਆ ਸੀ।

ਹਰਿਆਣਾ ਰਾਜ ਦੇ ਥਰੋਅਰ ਨੀਰਜ ਚੋਪੜਾ ਨੇ ਦੱਖਣੀ ਅਫਰੀਕਾ 'ਚ ਖੇਡੇ ਗਏ ਡੋਮੈਸਟਿਕ ਟੂਰਨਾਮੈਂਟ 'ਚ ਓਲੰਪਿਕ ਕੁਆਲੀਫਾਈ ਲਈ 87.86 ਮੀਟਰ ਥਰੋਅ ਕਰਕੇ ਜਿੱਥੇ ਟੋਕੀਓ ਓਲੰਪਿਕ ਖੇਡਣ ਦਾ ਟਿਕਟ ਕਟਾਇਆ ਸੀ, ਜਦਕਿ ਉਥੇ ਓਲੰਪਿਕ ਕੁਆਲੀਫਾਈ ਮਾਰਕ 85 ਮੀਟਰ ਹੈ। ਟੋਕੀਓ ਓਲੰਪਿਕ ਤੋਂ ਪਹਿਲਾਂ ਨੀਰਜ ਚੋਪੜਾ ਨੇ ਜਕਾਰਤਾ ਏਸ਼ੀਅਨ ਗੇਮਜ਼-2018 'ਚ 88.06 ਮੀਟਰ ਦੀ ਦੂਰੀ 'ਤੇ ਨੇਜ਼ਾ ਸੁੱਟ ਕੇ ਦੇਸ਼ ਦੀ ਝੋਲੀ 'ਚ ਪਹਿਲਾ ਗੋਲਡ ਮੈਡਲ ਪਾਇਆ ਸੀ। ਦੇਸ਼ ਲਈ 67 ਸਾਲ ਦੇ ਅਰਸੇ ਬਾਅਦ ਜੈਵਲਿਨ ਥਰੋਅ 'ਚ ਪਲੇਠਾ ਸੋਨ ਤਗਮਾ ਜਿੱਤਣ ਵਾਲੇ ਨੀਰਜ ਚੋਪੜਾ ਨੇ ਏਸ਼ਿਆਈ ਖਿੱਤੇ 'ਚ ਇਤਿਹਾਸਕ ਪ੍ਰਾਪਤੀ ਦਰਜ ਕਰਨ ਤੋਂ ਇਲਾਵਾ ਜਕਾਰਤਾ ਦੇ ਮੈਦਾਨ 'ਚ 88.06 ਮੀਟਰ ਦੀ ਦੂਰੀ ਨਾਪਣ ਸਦਕਾ ਨੈਸ਼ਨਲ ਰਿਕਾਰਡ ਵੀ ਆਪਣੇ ਨਾਮ ਕੀਤਾ। ਸੀਨੀਅਰ ਪੱਧਰ 'ਤੇ ਜੈਵਲਿਨ 'ਚ ਨੈਸ਼ਨਲ ਰਿਕਾਰਡ 'ਚ ਹੋਲਡ ਹੋਈ ਨੀਰਜ ਚੋਪੜਾ ਵੱਲੋਂ ਜਕਾਰਤਾ 'ਚ 88.06 ਮੀਟਰ 'ਤੇ ਲਾਈ ਥਰੋਅ ਹੁਣ ਤੱਕ ਦੀ 'ਬੈਸਟ ਥਰੋਅ' ਆਂਕੀ ਗਈ ਹੈ, ਜਦਕਿ ਟੋਕੀਓ 'ਚ ਨੀਰਜ ਵਲੋਂ 87.58 ਮੀਟਰ ਦੀ ਥਰੋਅ ਨਾਲ ਸੋਨ ਤਗਮੇ 'ਤੇ ਕਬਜ਼ਾ ਕੀਤਾ ਗਿਆ ਹੈ। ਜਕਾਰਤਾ 'ਚ ਚੀਨ ਦੇ ਸੁਟਾਵੇ ਕਿਝੋਨ ਲਿਊ ਨੇ 82.22 ਮੀਟਰ ਦੀ ਥਰੋਅ ਨਾਲ ਚਾਂਦੀ ਦਾ ਤਗਮਾ, ਜਦੋਂਕਿ ਪਾਕਿਸਤਾਨ ਦੇ ਥਰੋਅਰ ਨਦੀਮ ਅਰਸ਼ਦ ਨੇ 80.75 ਮੀਟਰ ਜੈਵਲਿਨ ਸੁੱਟ ਕੇ ਤਾਂਬੇ ਦਾ ਮੈਡਲ ਹਾਸਲ ਕੀਤਾ। ਜਕਾਰਤਾ ਖੇਡਾਂ 'ਚ ਨੀਰਜ ਦੀ ਥਰੋਅ ਦੀ ਖਾਸੀਅਤ ਇਹ ਰਹੀ ਕਿ ਉਸ ਨੇ ਸਿਲਵਰ ਮੈਡਲ ਜਿੱਤਣ ਵਾਲੇ ਚੀਨੀ ਸੁਟਾਵੇ ਤੋਂ 5.84 ਮੀਟਰ ਵੱਧ ਜੈਵਲਿਨ ਸੁੱਟਣ ਸਦਕਾ ਏਸ਼ੀਅਨ ਚੈਂਪੀਅਨ ਬਣਨ ਦਾ ਮਾਣ ਖੱਟਿਆ ਸੀ।

ਨੀਰਜ ਚੋਪੜਾ ਤੋਂ ਪਹਿਲਾਂ ਨਵੀਂ ਦਿੱਲੀ-1951 'ਚ ਜੈਵਲਿਨ ਥਰੋਅਰ ਪਾਰਸਾ ਸਿੰਘ ਨੇ ਘਰੇਲੂ ਮੈਦਾਨ 'ਤੇ ਸਿਲਵਰ ਮੈਡਲ ਅਤੇ ਨਵੀਂ ਦਿੱਲੀ-1982 ਦੀਆਂ ਏਸ਼ਿਆਈ ਖੇਡਾਂ 'ਚ ਘਰੇਲੂ ਦਰਸ਼ਕਾਂ ਸਾਹਵੇਂ ਗੁਰਤੇਜ ਸਿੰਘ ਨੇ ਤਾਂਬੇ ਦਾ ਤਗਮਾ ਹਾਸਲ ਕੀਤਾ ਸੀ। ਥਰੋਆਂ ਦੇ ਇਸ ਈਵੈਂਟ 'ਚ ਨੀਰਜ ਚੋਪੜਾ ਨੇ 36 ਸਾਲ ਬਾਅਦ ਏਸ਼ਿਆਈ ਖੇਡਾਂ 'ਚ ਤਗਮਾ ਜਿੱਤਣ 'ਚ ਸਫਲਤਾ ਹਾਸਲ ਕੀਤੀ ਹੈ। ਜਕਾਰਤਾ-2018 ਏਸ਼ੀਅਨ ਖੇਡਾਂ 'ਚ ਕੇਵਲ ਪੰਜ ਮਹੀਨਿਆਂ 'ਚ ਨੀਰਜ ਚੋਪੜਾ ਵੱਲੋਂ ਜਿੱਤਿਆ ਗਿਆ ਇਹ ਚੌਥਾ ਗੋਲਡ ਮੈਡਲ ਸੀ। ਜਕਾਰਤਾ ਏਸ਼ੀਆਡ ਤੋਂ ਪਹਿਲਾਂ ਨੀਰਜ ਚੋਪੜਾ ਵਲੋਂ ਫਿਨਲੈਂਡ ਦੀਆਂ ਸਾਵੋ ਗੇਮਜ਼, ਫਰਾਂਸ ਦੀ ਅਥਲੈਟਿਕਸ ਮੀਟ ਅਤੇ ਕਾਮਲਵੈਲਥ ਖੇਡਾਂ 'ਚ ਕ੍ਰਮਵਾਰ ਸੋਨ ਤਗਮੇ ਜਿੱਤਣ ਸਦਕਾ ਆਪਣੀ ਤਾਕਤ ਦਾ ਬਾਖੂਬੀ ਪ੍ਰਗਟਾਵਾ ਕੀਤਾ ਗਿਆ। ਜੂਨੀਅਰ ਵਰਲਡ ਅਥਲੈਟਿਕਸ ਚੈਂਪੀਅਨਸ਼ਿਪ ਬਾਯਗੋਸ਼ਜ਼-2016 'ਚ 86.48 ਮੀਟਰ ਦੀ ਥਰੋਅ ਨਾਲ ਜੂਨੀਅਰ ਵਿਸ਼ਵ ਰਿਕਾਰਡ ਆਪਣੇ ਨਾਮ ਕਰਨ ਵਾਲੇ ਨੀਰਜ ਚੋਪੜਾ ਨੇ ਜਕਾਰਤਾ ਏਸ਼ੀਅਨ ਖੇਡਾਂ 'ਚ ਸੋਨ ਤਗਮਾ ਜਿੱਤਣ ਤੋਂ ਪਹਿਲਾਂ ਇਸੇ ਸਾਲ ਆਸਟਰੇਲੀਆ ਦੇ ਸ਼ਹਿਰ ਗੋਲਡਕੋਸਟ 'ਚ ਖੇਡੀਆਂ ਗਈਆਂ ਕਾਮਨਵੈਲਥ ਖੇਡਾਂ 'ਚ ਜੈਵਲਿਨ ਥਰੋਅ 'ਚ ਗੋਲਡ ਮੈਡਲ ਜਿੱਤ ਦਾ ਕ੍ਰਿਸ਼ਮਾ ਵੀ ਕੀਤਾ ਹੋਇਆ ਹੈ।

ਨੀਰਜ ਚੋਪੜਾ ਦਾ ਜਨਮ 24 ਦਸੰਬਰ 1997 'ਚ ਪਾਣੀਪਤ ਜ਼ਿਲ੍ਹੇ ਦੇ ਪਿੰਡ ਖਾਂਦਰਾ 'ਚ ਮਾਤਾ ਸਰੋਜ ਦੇਵੀ ਦੀ ਕੁੱਖੋਂ ਸ੍ਰੀ ਸਤੀਸ਼ ਕੁਮਾਰ ਦੇ ਗ੍ਰਹਿ ਵਿਖੇ ਹੋਇਆ। ਜੈਵਲਿਨ ਥਰੋਅਰ ਨੀਰਜ ਚੋਪੜਾ ਦੀਆਂ ਖੇਡ ਪ੍ਰਾਪਤੀਆਂ ਨੂੰ ਵੇਖਦਿਆਂ ਸਾਲ-2016 'ਚ ਇੰਡੀਅਨ ਆਰਮੀ 'ਚ ਜੂਨੀਅਰ ਕਮਿਸ਼ਨਡ ਆਫਿਸਰ ਭਰਤੀ ਕਰਕੇ ਨਾਇਬ ਸੂਬੇਦਾਰ ਦਾ ਅਹੁਦਾ ਦਿੱਤਾ ਗਿਆ। ਡੀ. ਏ. ਵੀ. ਕਾਲਜ ਚੰਡੀਗੜ੍ਹ 'ਚ ਉਚੇਰੀ ਸਿੱਖਿਆ ਹਾਸਲ ਕਰਨ ਵਾਲੇ ਨੀਰਜ ਚੋਪੜਾ ਨੂੰ ਟਰੈਕ ਐਂਡ ਫੀਲਡ ਕੋਚ ਦੇ ਮਾਹਿਰ ਵਿਦੇਸ਼ੀ ਕੋਚ ਉਵੇ ਹਾਓਨ ਵਲੋਂ ਥਰੋਆਂ ਲਈ ਲਗਾਤਾਰ ਟਰੇਂਡ ਕੀਤਾ ਜਾ ਰਿਹਾ ਹੈ।



ਨੀਰਜ ਚੋਪੜਾ ਡਾਇਮੰਡ ਲੀਗ 'ਚ ਚੈਂਪੀਅਨ ਬਣਨ ਤੋਂ ਬਾਅਦ ਟਰਾਫੀ ਨਾਲ

# ਦੁਨੀਆਂ ਦਾ ਮਹਾਨ ਆਰਕੀਟੈਕਟ ਭਾਈ ਰਾਮ ਸਿੰਘ

ਇੰਦਰਜੀਤ ਸਿੰਘ ਹਰਪੁਰਾ
ਫੋਨ: 91-98155-77574



**ਭਾਈ ਰਾਮ ਸਿੰਘ ਦੀ ਕਲਾ ਤੋਂ ਖੁਸ਼ ਹੋ ਕੇ ਕੁਈਨ ਵਿਕਟੋਰੀਆ ਨੇ ਦਸਤਖਤ ਕਰਕੇ ਆਪਣੀ ਫੋਟੋ ਅਤੇ ਇੱਕ ਸੋਨੇ ਦਾ ਪੈਨਸਿਲ ਕੇਸ ਤੋਹਫੇ ਵਜੋਂ ਭਾਈ ਰਾਮ ਸਿੰਘ ਨੂੰ ਦਿੱਤਾ। ਕੁਈਨ ਵਿਕਟੋਰੀਆ ਨੇ ਆਪਣੇ ਦਰਬਾਰੀ ਕਲਾਕਾਰ, ਆਸਟ੍ਰੀਆ, ਰੁਦੋਲਫ ਸਵੋਬੋਡਾ ਨੂੰ ਭਾਈ ਰਾਮ ਸਿੰਘ ਦੀ ਤਸਵੀਰ ਨੂੰ ਚਿੱਤ੍ਰਿਤ ਕਰਨ ਲਈ ਕਿਹਾ, ਜਿਸ ਨੇ ਸ. ਰਾਮ ਸਿੰਘ ਦਾ ਇੱਕ ਚਿੱਤਰ ਬਣਾਇਆ, ਜੋ ਅੱਜ ਵੀ ਉਸ ਦਰਬਾਰ ਹਾਲ ਵਿੱਚ ਲੱਗਾ ਹੋਇਆ ਹੈ।**

ਪਹਿਲੀ ਅਗਸਤ 1858 ਨੂੰ ਬਟਾਲਾ ਨੇੜਲੇ ਛੋਟੇ ਜਿਹੇ ਪਿੰਡ ਰਸੂਲਪੁਰ ਵਿਖੇ ਮਿਸਤਰੀ ਆਸਾ ਸਿੰਘ ਦੇ ਘਰ ਪੈਦਾ ਹੋਏ ਰਾਮ ਸਿੰਘ ਬਾਰੇ ਕਿਸੇ ਨੇ ਸੋਚਿਆ ਵੀ ਨਹੀਂ ਹੋਣਾ ਕਿ ਇਹੀ ਰਾਮ ਸਿੰਘ ਵੱਡਾ ਹੋ ਕੇ ਏਨਾ ਵੱਡਾ ਆਰਕੀਟੈਕਟ ਬਣੇਗਾ ਕਿ ਦੁਨੀਆਂ ਭਰ ਦੇ ਲੋਕ ਉਸ ਦੀਆਂ ਡਿਜ਼ਾਇਨ ਕੀਤੀਆਂ ਇਮਾਰਤਾਂ ਨੂੰ ਖੜ੍ਹ-ਖੜ੍ਹ ਕੇ ਦੇਖਣਗੇ। ਬੇਸ਼ੱਕ ਆਰਕੀਟੈਕਟ ਭਾਈ ਰਾਮ ਸਿੰਘ ਨੂੰ ਉਸ ਦੇ ਆਪਣੇ ਇਲਾਕੇ ਅਤੇ ਕੌਮ ਦੇ ਲੋਕ ਵਿਸਾਰ ਗਏ ਹੋਣ, ਪਰ ਉਸ ਸਰਦਾਰ ਦੀ ਕਲਾ ਦਾ ਲੋਹਾ ਦੁਨੀਆਂ ਅੱਜ ਵੀ ਮੰਨਦੀ ਹੈ। ਭਾਈ ਰਾਮ ਸਿੰਘ ਨੂੰ ਜੇ 19ਵੀਂ ਸਦੀ ਦਾ ਪ੍ਰਤੱਖ 'ਵਿਸ਼ਵਕਰਮਾ' ਕਹਿ ਲਈਏ ਤਾਂ ਕੋਈ ਅਤਿ-ਕਥਨੀ ਨਹੀਂ ਹੋਵੇਗੀ।

ਅਸੀਂ ਚੜ੍ਹਦੇ ਪੰਜਾਬ ਦੇ ਵਸਨੀਕ ਅਤੇ ਸਮੂਹ ਭਾਰਤ ਦੇ ਲੋਕ ਅੰਮ੍ਰਿਤਸਰ ਸਥਿਤ ਖਾਲਸਾ ਕਾਲਜ ਦੀ ਇਮਾਰਤ ਨੂੰ ਆਪਣੀ ਅੱਖੀਂ ਦੇਖ ਕੇ ਅਸ਼-ਅਸ਼ ਕਰ ਉੱਠਦੇ ਹਾਂ, ਪਰ ਇਸ ਖੂਬਸੂਰਤ ਇਮਾਰਤ ਨੂੰ ਡਿਜ਼ਾਇਨ ਕਿਸ ਨੇ ਕੀਤਾ ਸੀ, ਉਸ ਮਹਾਨ ਹਸਤੀ ਬਾਰੇ ਬਹੁਤਿਆਂ ਨੂੰ ਨਹੀਂ ਪਤਾ। ਖਾਲਸਾ ਕਾਲਜ ਦੀ ਖੂਬਸੂਰਤ ਇਮਾਰਤ ਦਾ ਨਕਸ਼ਾ ਪਿੰਡ ਰਸੂਲਪੁਰ ਦੇ ਭਾਈ ਰਾਮ ਸਿੰਘ ਨੇ ਤਿਆਰ ਕੀਤਾ ਸੀ। ਇਸ ਤੋਂ ਇਲਾਵਾ ਉਸ ਨੇ ਹੋਰ ਵੀ ਕਈ ਇਮਾਰਤਾਂ ਦੇ ਨਕਸ਼ੇ ਤਿਆਰ ਕੀਤੇ, ਜੋ ਸਾਰੀਆਂ ਹੀ ਵਿਰਾਸਤੀ ਇਮਾਰਤਾਂ ਦਾ ਦਰਜਾ ਹਾਸਲ ਕਰ ਚੁਕੀਆਂ ਹਨ। ਭਾਈ ਰਾਮ ਸਿੰਘ ਨੇ ਸ੍ਰੀ ਹਰਿਮੰਦਰ ਸਾਹਿਬ, ਅੰਮ੍ਰਿਤਸਰ ਦੀ ਮਾਰਬਲ ਡਿਜ਼ਾਇੰਗ ਅਤੇ ਵੁਡ ਕਰਵਿੰਗ, ਇੰਗਲੈਂਡ ਦੀ ਮਹਾਰਾਣੀ ਵਿਕਟੋਰੀਆ ਦੇ ਪੈਲੇਸ ਦੀ ਇੰਟੀਰੀਅਰ ਡਿਜ਼ਾਇਨਿੰਗ, ਸੈਨੇਟ ਹਾਊਸ ਲਾਹੌਰ ਦੀ ਇਮਾਰਤ, ਗੁਰਦੁਆਰਾ ਸ੍ਰੀ ਸਾਰਾਗੜ੍ਹੀ ਅੰਮ੍ਰਿਤਸਰ, ਐਗਰੀਕਲਚਰ ਕਾਲਜ ਲਾਇਲਪੁਰ, ਆਰਟੀਸ਼ਨ ਕਾਲਜ ਲਾਹੌਰ, ਦਰਬਾਰ ਹਾਲ ਕਪੂਰਥਲਾ, ਇੰਪੀਰੀਅਲ ਕੋਰਟ ਪੰਜਾਬ ਸ਼ੋਅ ਕੇਸ਼, ਲਾਹੌਰ ਬੋਰਡਿੰਗ ਹਾਊਸ (ਇਕਬਾਲ ਹਾਊਸ) ਸਰਕਾਰੀ ਕਾਲਜ, ਚੰਬਾ ਹਾਊਸ ਲਾਹੌਰ, ਮਲਿਕ ਉਮਰ ਹਿਆਤ ਦੀ ਰਿਹਾਇਸ਼ ਕਾਲਰਾ ਅਸਟੇਟ ਆਦਿ ਵਿਸ਼ਵ ਪ੍ਰਸਿੱਧ ਇਮਾਰਤਾਂ ਦੇ ਨਕਸ਼ੇ ਤਿਆਰ ਕਰਨ ਦੇ ਨਾਲ ਲਾਜਵਾਬ ਇੰਟੀਰੀਅਰ ਡਿਜ਼ਾਇਨਿੰਗ ਦਾ ਕੰਮ ਕੀਤਾ।

ਵਿਸ਼ਵ ਪ੍ਰਸਿੱਧ ਆਰਕੀਟੈਕਟ ਭਾਈ ਰਾਮ ਸਿੰਘ ਰਾਮਗੜ੍ਹੀਆ ਪਰਿਵਾਰ ਨਾਲ ਸਬੰਧ ਰੱਖਦੇ ਸਨ ਅਤੇ ਉਨ੍ਹਾਂ ਦੇ ਪਿਤਾ ਸ. ਆਸਾ ਸਿੰਘ ਤਰਖਾਣਾ ਕੰਮ ਕਰਦੇ ਸਨ। ਸ. ਆਸਾ ਸਿੰਘ ਪਿੰਡ ਰਸੂਲਪੁਰ ਛੱਡ ਕੇ ਅੰਮ੍ਰਿਤਸਰ ਚੀਲ ਮੰਡੀ ਵਿੱਚ ਦੁਕਾਨ ਖ਼ਰੀਦ ਕੇ ਕਾਰੋਬਾਰ ਕਰਨ ਲੱਗ ਪਏ। ਅੰਮ੍ਰਿਤਸਰ ਦੇ ਮਿਸ਼ਨ ਸਕੂਲ ਵਿੱਚੋਂ ਭਾਈ ਰਾਮ ਸਿੰਘ ਨੇ 10ਵੀਂ ਤੱਕ ਦੀ ਪੜ੍ਹਾਈ ਕੀਤੀ ਅਤੇ ਨਾਲ ਹੀ ਆਪਣੇ ਪਿਤਾ ਨਾਲ ਹੱਥ ਵਟਾਉਣ ਲੱਗ ਪਏ।

ਲਾਹੌਰ ਆਰਟ ਸਕੂਲ ਦਾ ਇੱਕ ਟੀਚਰ ਹਾਰਵੇ, ਅੰਮ੍ਰਿਤਸਰ ਆਉਂਦਾ-ਜਾਂਦਾ ਰਹਿੰਦਾ ਸੀ। ਭਾਈ ਰਾਮ ਸਿੰਘ ਦੇ ਅਧਿਆਪਕਾਂ ਨੇ ਉਸ ਨੂੰ ਬੱਚੇ ਦੀ ਤੀਖਣ ਬੁੱਧ ਦੀ ਦੱਸ ਪਈ। ਡਿਪਟੀ ਕਮਿਸ਼ਨਰ ਨੇ ਉਸ ਕੋਲ ਇਸ ਗੱਲ ਦੀ ਤਾਈਦ ਕੀਤੀ। ਜਨਵਰੀ 1874 ਵਿੱਚ ਉਹ ਰਾਮ ਸਿੰਘ ਨੂੰ ਲਾਹੌਰ ਲੈ ਗਿਆ ਅਤੇ ਉਥੋਂ ਦੇ



ਆਰਟ ਸਕੂਲ ਵਿੱਚ ਦਾਖਲ ਹੋ ਗਿਆ। ਪਹਿਲਾਂ ਸਕੂਲ ਦਾ ਨਾਮ ਲਾਹੌਰ ਸਕੂਲ ਆਫ ਕਾਰਪੈਂਟਰੀ ਸੀ ਤੇ ਕਲਾਸਾਂ ਡੀ.ਪੀ.ਆਈ. ਦਫ਼ਤਰ ਦੇ ਵਰਾਂਡੇ ਵਿੱਚ ਲਗਦੀਆਂ ਸਨ, ਸਕੂਲ ਦੀ ਇਮਾਰਤ ਅਜੇ ਬਣਨੀ ਸੀ। ਸਰਕਾਰ ਇਸ ਸਕੂਲ ਨੂੰ ਪੈਸਾ ਨਹੀਂ ਦਿੰਦੀ ਸੀ।

ਮਾਸਟਰ ਆਪਣੇ ਵਿਦਿਆਰਥੀਆਂ ਤੋਂ ਲੋਕਾਂ ਦੇ ਕੰਮ ਕਰਵਾਉਣ ਅਤੇ ਜੋ ਪੈਸਾ ਆਵੇ, ਖਰਚਾ ਕੱਢਣ। ਇਹ ਸਕੂਲ ਮਾਸਟਰਾਂ ਨੂੰ ਤਨਖਾਹਾਂ ਦੇਣ ਜੋਗਾ ਵੀ ਨਹੀਂ ਸੀ। ਆਖ਼ਰ 1875 ਵਿੱਚ ਮੇਓ ਸਕੂਲ ਸਥਾਪਿਤ ਹੋਇਆ, ਜਿਸ ਵਿੱਚ ਕੁੱਲ ਵੀਹ ਵਿਦਿਆਰਥੀ ਦਾਖਲ ਹੋਏ। ਬੰਗਾਲ ਬੈਂਕ ਪਿੱਛੇ ਅਨਾਰਕਲੀ ਬਾਜ਼ਾਰ ਵਿੱਚ ਇੱਕ ਇਮਾਰਤ ਕਿਰਾਏ 'ਤੇ ਲੈ ਲਈ। ਗੋਰੇ ਅਧਿਆਪਕਾਂ ਨਾਲ ਅੰਗਰੇਜ਼ੀ ਵਿੱਚ ਗੱਲਾਂ ਕਰਨੀਆਂ ਰਾਮ ਸਿੰਘ ਬਾਕੀਆਂ ਤੋਂ ਪਹਿਲਾਂ ਸਿੱਖ ਗਿਆ। ਪਹਿਲੀ ਸਾਲਾਨਾ ਸਕੂਲ ਰਿਪੋਰਟ ਵਿੱਚ ਮੇਓ ਸਕੂਲ ਦੇ ਪ੍ਰਿੰਸੀਪਲ ਕਿਪਲਿੰਗ ਨੇ ਲਿਖਿਆ, ਸੰਗਮਰਮਰ ਤ੍ਰਾਸ਼ਣ ਵਾਲੇ ਸ਼ਿਲਪੀ ਦਾ ਬੇਟਾ ਮੁਹੰਮਦ ਦੀਨ, ਕਾਰਪੈਂਟਰੀ ਸਕੂਲ ਦਾ ਰਾਮ ਸਿੰਘ, ਸ਼ੇਰ ਮੁਹੰਮਦ ਲੁਹਾਰ ਅਤੇ ਐਡਵਿਨ ਹੋਲਡਨ ਹੋਣਹਾਰ ਵਿਦਿਆਰਥੀ ਹਨ, ਪਰ ਰਾਮ ਸਿੰਘ ਕਿਸੇ ਵੱਡੇ ਇੰਜੀਨੀਅਰ ਦਾ ਸਹਾਇਕ ਲੱਗ ਕੇ ਉੱਚੀਆਂ ਮੰਜ਼ਲਾਂ ਛੂਹੇਗਾ। ਕਾਰਪੈਂਟਰ ਨਹੀਂ ਰਹੇਗਾ, ਇਮਾਰਤਸਾਜ਼ ਬਣੇਗਾ। ਉਹ ਪੁਰਾਣੀਆਂ ਲੀਹਾਂ ਛੱਡ ਕੇ ਨਵਾਂ ਰਸਤਾ ਤਲਾਸ਼ਣ ਦੇ ਸਮਰੱਥ ਹੈ। ਭਵਿੱਖ ਵਿੱਚ ਪ੍ਰਿੰਸੀਪਲ ਕਿਪਲਿੰਗ ਦੀ ਇਹ ਭਵਿੱਖਵਾਣੀ ਬਿਲਕੁੱਲ ਸੱਚ ਸਾਬਤ ਹੋਈ।

ਅੰਮ੍ਰਿਤਸਰ ਦੇ ਡਿਪਟੀ ਕਮਿਸ਼ਨਰ ਦੀ ਮੇਮ ਸਾਹਿਬਾ ਦਾ ਪਿਆਨੋ ਖ਼ਰਾਬ ਹੋ ਗਿਆ। ਇਸ ਦੀ ਮੁਰੰਮਤ ਅਤੇ ਪਾਲਿਸ਼ ਕਰਨ ਲਈ ਆਮ ਮਿਸਤਰੀ ਨੂੰ ਥੋੜ੍ਹਾ ਸੱਦਣਾ ਸੀ! ਭਾਲ ਸ਼ੁਰੂ ਹੋਈ, ਦੱਸਿਆ ਗਿਆ ਕਿ ਜ਼ਿਲ੍ਹੇ ਵਿੱਚ 16 ਸਾਲ ਦੀ ਉਮਰ ਦੇ ਰਾਮ ਸਿੰਘ ਤੋਂ ਵਧ ਕੇ ਕੋਈ ਕਾਰੀਗਰ ਨਹੀਂ। ਰਾਮ ਸਿੰਘ ਨੇ ਕੰਮ ਸਿਰੇ ਚਾੜ੍ਹ ਕੇ ਸ਼ਾਬਾਸ਼ ਲਈ। ਇਹ ਕੰਮ ਰਾਮ ਸਿੰਘ ਨੇ ਸਕੂਲ ਵਿੱਚੋਂ ਨਹੀਂ, ਪਿਤਾ ਪਾਸੋਂ ਸਿੱਖਿਆ ਸੀ।

ਛੇ ਸਾਲ ਦੀ ਟ੍ਰੇਨਿੰਗ ਪੂਰੀ ਹੋਈ, ਰਾਮ ਸਿੰਘ ਨੂੰ ਇੱਕ ਅਪਰੈਲ 1883 ਦੇ ਦਿਨ ਅਸਿਸਟੈਂਟ ਮਾਸਟਰ ਵਜੋਂ ਇਸੇ ਸਕੂਲ ਵਿੱਚ ਨੌਕਰੀ ਦਿੱਤੀ ਗਈ। ਰਾਮ ਸਿੰਘ ਦੇ ਮੁਢਲੇ ਦਿਨ ਬੜੇ ਸਖ਼ਤ ਸਨ, ਸਿਰਫ ਕਲਾਸ ਰੂਮ ਵਿੱਚ ਪੜ੍ਹਾਉਣਾ ਨਹੀਂ, ਸਰਕਾਰ ਦੇ ਪੱਤਰ ਆਉਂਦੇ ਹੀ ਰਹਿੰਦੇ, ਇਹ ਇਮਾਰਤ ਬਣਾਉਣੀ ਹੈ, ਫਿਰ ਉਹ ਇਮਾਰਤ ਬਣਾਉਣੀ ਹੈ। ਸਿਰਫ ਨਕਸ਼ਾ ਨਹੀਂ ਬਣਾਉਣਾ, ਬਣਦੀ ਇਮਾਰਤ ਦੀ ਨਿਗਰਾਨੀ ਵੀ ਕਰਨੀ ਹੈ। ਥਾਂ ਥਾਂ ਨੁਮਾਇਸ਼ਾਂ ਲਗਦੀਆਂ, ਉਨ੍ਹਾਂ ਦਾ ਪ੍ਰਬੰਧਕ ਰਾਮ ਸਿੰਘ। ਰਾਜੇ, ਵਜ਼ੀਰ, ਧਨੀ ਸੇਠ ਆਪਣੀਆਂ ਹਵੇਲੀਆਂ ਲਈ ਨਕਸ਼ੇ ਬਣਵਾਉਣ ਆਉਂਦੇ। ਰਾਮ ਸਿੰਘ ਬੜੀ ਮਿਹਨਤ ਤੇ ਲਗਨ ਨਾਲ ਇਹ ਸਭ ਕੰਮ ਕਰਨ ਲੱਗਾ।

ਇੰਗਲੈਂਡ ਦੀ ਮਹਾਰਾਣੀ ਵਿਕਟੋਰੀਆ ਭਾਰਤੀ ਕਲਾ ਤੋਂ ਬਹੁਤ ਮੁਤਾਸਰ ਸੀ। ਉਹ ਅਸਬਰਨ ਵਿਖੇ ਆਪਣਾ ਸਰਦੀਆਂ ਦਾ ਮਹਿਲ ਭਾਰਤੀ ਕਲਾ ਅਨੁਸਾਰ ਤਿਆਰ ਕਰਾਉਣਾ ਚਾਹੁੰਦੀ ਸੀ। ਮਲਿਕਾ ਨੂੰ ਭਾਈ ਰਾਮ ਸਿੰਘ ਦੀ ਮੁਹਾਰਤ ਦਾ ਪਤਾ ਲੱਗ ਚੁੱਕਾ ਸੀ, ਪਰ ਫਿਰ ਵੀ ਉਸ ਸੋਚਦੀ ਸੀ ਕਿ ਸ਼ਾਇਦ ਭਾਰਤ ਵਿੱਚ ਰਾਮ ਸਿੰਘ ਤੋਂ ਵਧੀਆ ਵੀ ਡਿਜ਼ਾਇਨਰ ਹੋਣ। ਮਲਿਕਾ ਨੇ ਕਿਹਾ ਕਿ ਇਸ ਕੰਮ ਲਈ ਇਸ਼ਤਿਹਾਰ ਜਾਰੀ ਕੀਤਾ ਜਾਵੇ ਅਤੇ ਨਾਲ ਹੀ ਟੈਂਡਰ ਵੀ ਮੰਗੇ ਜਾਣ। ਅਜੇ ਇਹ ਕਾਰਵਾਈ ਚੱਲ ਹੀ ਰਹੀ ਸੀ ਕਿ ਉਨ੍ਹੀਂ ਦਿਨੀਂ ਸੰਨ 1890 ਵਿੱਚ ਮੇਓ ਸਕੂਲ ਦੇ ਪ੍ਰਿੰਸੀਪਲ ਕਿਪਲਿੰਗ ਇੰਗਲੈਂਡ ਵਿੱਚ ਹੀ ਸਨ। ਇੱਕ ਦਿਨ ਉਨ੍ਹਾਂ ਨੇ ਮਹਾਰਾਣੀ ਵਿਕਟੋਰੀਆ ਨਾਲ ਮੁਲਾਕਾਤ ਕੀਤੀ ਤਾਂ ਮਲਿਕਾ ਨੇ ਕਿਪਲਿੰਗ ਨਾਲ ਆਪਣੇ ਮਹਿਲ ਨੂੰ ਭਾਰਤੀ ਕਲਾ ਅਨੁਸਾਰ ਬਣਾਉਣ ਦੀ ਇੱਛਾ ਜ਼ਾਹਰ ਕੀਤੀ। ਕਿਪਲਿੰਗ ਨੇ ਕਿਹਾ ਕਿ ਭਾਈ ਰਾਮ ਸਿੰਘ ਤੋਂ ਵਧੀਆ ਹੋਰ ਕੋਈ ਕੰਮ ਨਹੀਂ ਕਰ ਸਕਦਾ। ਮਲਿਕਾ ਮੰਨ ਗਈ। ਰਾਮ ਸਿੰਘ ਵੱਲੋਂ ਸ਼ਰਤਾਂ ਕਿਪਲਿੰਗ ਨੇ ਤੈਅ ਕੀਤੀਆਂ, ਸੌ ਪੌਂਡ ਸਫਰ ਖਰਚ, ਪੰਜ ਪੌਂਡ ਹਫ਼ਤਾ ਤਨਖਾਹ, ਮਹਿਲ ਨੇੜੇ ਮੁਫ਼ਤ ਰਿਹਾਇਸ਼। ਖਾਣਾ ਖ਼ੁਦ ਬਣਾ ਲਏਗਾ, ਕਿਉਂਕਿ ਹਲਾਲ ਅਤੇ ਤਮਾਕੂ ਦਾ ਪਰਹੇਜ਼ਗਾਰ ਹੈ; ਮਰ ਜਾਏਗਾ, ਪਰ ਇਹ ਦੋ ਵਸਤਾਂ ਛੂਹੇਗਾ ਵੀ ਨਹੀਂ।

ਭਾਈ ਰਾਮ ਸਿੰਘ ਨੂੰ ਸਕੂਲ ਵਿੱਚੋਂ ਇੱਕ ਮਹੀਨੇ ਦੀ ਛੁੱਟੀ ਦਿੱਤੀ ਗਈ ਤਾਂ ਕਿ ਉੱਥੋਂ ਦੇ ਕਾਰੀਗਾਰਾਂ ਨੂੰ ਨਕਸ਼ੇ ਸਮਝਾ ਕੇ ਕੰਮ ਦੀ ਰੂਪ ਰੇਖਾ ਤਿਆਰ ਕਰਵਾ ਕੇ ਪਰਤ ਆਏ। ਬੰਬਈ ਤੋਂ ਸਮੁੰਦਰੀ ਜਹਾਜ਼ ਰਾਹੀਂ ਪੈਰਿਸ ਗਏ, ਪੈਰਿਸ ਤੋਂ ਟਰੇਨ ਫੜ ਕੇ ਲੰਡਨ। ਕਿਪਲਿੰਗ ਉਸ ਨੂੰ ਲੈਣ ਵਾਸਤੇ ਰੇਲਵੇ ਸਟੇਸ਼ਨ ਪੁੱਜਿਆ। ਕੁਝ ਦਿਨ ਪ੍ਰਿੰਸੀਪਲ ਨੇ ਆਪਣੇ ਘਰ ਰੱਖਿਆ। ਫਿਰ ਅਸਬਰਨ ਪੁੱਜ ਗਏ, ਜਿੱਥੇ ਮਲਿਕਾ ਉਡੀਕ ਰਹੀ ਸੀ। ਭਾਈ ਰਾਮ ਸਿੰਘ ਦਾ ਸਾਰਾ ਖਰਚ ਮਹਿਲ ਅਦਾ ਕਰੇ। ਜੈਕਸਨ ਐਂਡ ਸੰਜ਼ ਕੰਪਨੀ ਨੂੰ ਠੇਕਾ ਦਿੱਤਾ ਗਿਆ। ਮਹੀਨੇ ਬਾਅਦ ਵਾਪਸ ਆਉਣਾ ਚਾਹਿਆ ਤਾਂ ਕੰਪਨੀ ਦੇ ਕਾਰੀਗਰ ਕਹਿਣ ਲੱਗੇ, ਰਾਮ ਸਿੰਘ ਦੀ ਗ਼ੈਰ ਹਾਜ਼ਰੀ ਵਿੱਚ ਕੰਮ ਨਹੀਂ ਹੋ ਸਕਦਾ। ਇੱਥੇ ਰਹਿਣਾ ਪਏਗਾ। ਛੇ ਮਹੀਨਿਆਂ ਦੀ ਛੁੱਟੀ ਹੋਰ ਲੈ



(ਬਾਕੀ ਸਫਾ 9 ਉੱਤੇ)

ਸਿੱਖਾਂ ਦਾ 'ਸ਼੍ਰੋਮਣੀ ਸ਼ਹੀਦ'

# ਬਾਬਾ ਬੰਦਾ ਸਿੰਘ ਬਹਾਦਰ





ਦਿਲਜੀਤ ਸਿੰਘ ਬੇਦੀ

ਕੁਰਬਾਨੀ ਉਹ ਮਹਾਨ ਹੁੰਦੀ ਹੈ, ਜਿਸਦੇ ਪਿੱਛੇ ਉਦੇਸ਼ ਮਹਾਨ ਹੋਵੇ; ਸੰਘਰਸ਼ ਉਹ ਮਹਾਨ ਹੁੰਦਾ ਹੈ, ਜੋ ਕਿਸੇ ਉਦੇਸ਼ ਦੀ ਪੂਰਤੀ ਲਈ ਹੋਵੇ। ਨਿਆਂਸ਼ੀਲ ਹੋਣਾ ਗੁਰੂ ਦੇ ਸਿੱਖ ਦਾ ਮੂਲ ਆਸ਼ਾ ਹੈ, ਇਸ ਲਈ ਜਿਥੇ ਕਿਤੇ ਵੀ ਉਹ ਜ਼ਬਰ, ਜ਼ੁਲਮ, ਅੱਤਿਆਚਾਰ ਜਾਂ ਧੱਕੇਸ਼ਾਹੀ ਹੁੰਦੀ ਦੇਖਦਾ ਹੈ, ਉਸਦਾ ਵਿਰੋਧ ਕਰਨਾ ਉਹ ਆਪਣਾ ਪਰਮ ਕਰਤਵ ਸਮਝਦਾ ਹੈ। ਨਤੀਜੇ ਵਜੋਂ ਸ਼ਹੀਦੀ ਵੀ ਦੇਣੀ ਪੈ ਸਕਦੀ ਹੈ। ਸਿੱਖ ਇਤਿਹਾਸ ਅਜਿਹੀਆਂ ਸ਼ਹੀਦੀਆਂ ਨਾਲ ਭਰਿਆ ਪਿਆ ਹੈ।

1708 ਈ: ਵਿਚ ਗੁਰੂ ਗੋਬਿੰਦ ਸਿੰਘ ਜੀ ਦੀ ਆਗਿਆ ਦਾ ਪਾਲਣ ਕਰਨ ਲਈ ਜਦ ਬਾਬਾ ਬੰਦਾ ਸਿੰਘ ਜੀ ਪੰਜਾਬ ਆਏ ਤਾਂ ਉਨ੍ਹਾਂ ਕੋਲ ਗੁਰੂ ਜੀ ਵੱਲੋਂ ਮਿਲੇ ਪੰਜ ਤੀਰ, ਖੰਡਾ ਤੇ ਨਗਾਰਾ ਸੀ।

ਬੰਦੇ ਗੁਰ ਖੰਡਾ ਦਯੋ, ਲਯੋ ਓਨੈ ਗਲ ਪਾਇ।
ਖਾਲਸੋ ਦੇਖ ਸੁ ਵਿਟਰਯੋ ਤਿਨ ਖੰਡੋ ਲਯੋ ਛਿਨਾਇ। (ਪੰਥ ਪ੍ਰਕਾਸ਼)

ਸਲਾਹ ਮਸ਼ਵਰਾ ਕਰਨ ਲਈ ਗੁਰੂ ਸਾਹਿਬ ਨੇ ਪੰਜ ਪਿਆਰੇ ਭਾਈ ਬਿਨੋਦ ਸਿੰਘ, ਭਾਈ ਕਾਹਨ ਸਿੰਘ, ਭਾਈ ਬਾਜ ਸਿੰਘ, ਭਾਈ ਦਇਆ ਸਿੰਘ ਤੇ ਭਾਈ ਰਣ ਸਿੰਘ ਨਾਲ ਤੋਰੇ। ਇਨ੍ਹਾਂ ਤੋਂ ਇਲਾਵਾ 20 ਸਿੰਘ ਹੋਰ ਨਾਲ ਭੇਜੇ। ਇਨ੍ਹਾਂ 25 ਸਿੰਘਾਂ ਦੇ ਕਾਫਲੇ ਨੇ ਪੰਜਾਬ ਵੱਲ ਹਨੇਰੀ ਦੀ ਤਰ੍ਹਾਂ ਕੂਚ ਕੀਤਾ। ਦਿੱਲੀ ਪਾਰ ਕਰਦਿਆਂ ਹੀ ਸਿੱਖ ਸੰਗਤਾਂ ਨੂੰ ਹੁਕਮਨਾਮੇ ਭੇਜੇ ਗਏ। ਸਿੱਖ ਸੰਗਤਾਂ ਹੁਕਮ ਦਾ ਪਾਲਣ ਕਰਦਿਆਂ ਬਾਬਾ ਬੰਦਾ ਸਿੰਘ ਬਹਾਦਰ ਦੇ ਸੁਆਗਤ ਲਈ ਅੱਗੇ ਆ ਗਈਆਂ। ਗੁਰੂ ਸਾਹਿਬ ਦੇ ਪਰਿਵਾਰ ਦੀਆਂ ਸ਼ਹੀਦੀਆਂ ਦੇ ਜ਼ਖਮ ਸਿੱਖ ਸੰਗਤਾਂ ਵਿਚ ਅਜੇ ਤਾਜ਼ੇ ਸਨ। ਉਹ ਕੁੱਝ ਸਮੇਂ ਦੇ ਅੰਦਰ ਹੀ ਬਾਬਾ ਬੰਦਾ ਸਿੰਘ ਬਹਾਦਰ ਦੇ ਝੰਡੇ ਥੱਲੇ ਇਕੱਠੇ ਹੋ ਗਏ, ਉਨ੍ਹਾਂ ਨੇ ਰਣ-ਭੂਮੀ ਵਿੱਚ ਆਪਣਾ ਨਾਹਰਾ 'ਰਾਜ ਕਰੇਗਾ ਖਾਲਸਾ' ਨਿਸ਼ਚਿਤ ਕਰ ਦਿੱਤਾ। ਬਾਬਾ ਬੰਦਾ ਸਿੰਘ ਬਹਾਦਰ ਦੇ ਸਮਕਾਲੀ ਮੁਸਲਮਾਨ ਲੇਖਕ ਮੁਹੰਮਦ ਕਾਸਿਮ ਲਾਹੌਰੀ ਦੇ ਲਿਖਤ 'ਇਬਰਤਨਾਮਾ' (ਰਚਿਤ 1722 ਈ:) ਅਨੁਸਾਰ "ਸਿੱਖਾਂ ਤੇ ਮੁਗਲਾਂ ਵਿਚਕਾਰ ਘੋਲ, ਗੁਰੂ ਗੋਬਿੰਦ ਸਿੰਘ ਜੀ ਦੇ ਜੋਤੀ ਜੋਤ ਸਮਾਉਣ ਉਪਰੰਤ ਸ਼ੁਰੂ ਹੋਇਆ ਤੇ ਇਸਨੂੰ ਸ਼ੁਰੂ ਕਰਨ ਵਾਲਾ ਬਾਬਾ ਬੰਦਾ ਸਿੰਘ ਬਹਾਦਰ ਸੀ।" ਇਸ ਤਰ੍ਹਾਂ ਬਾਬਾ ਬੰਦਾ ਸਿੰਘ ਬਹਾਦਰ ਨੇ ਪੰਜਾਬ ਦੀ ਸਿਆਸਤ ਵਿਚ ਪਹਿਲੀ ਵਾਰ ਸਰਗਰਮ ਧਮਾਕਾ ਛੱਡਿਆ। ਇਸ ਧਮਾਕੇ ਨੂੰ 'ਅਜਬ ਬਲਾ' ਕਹਿਣ ਵਾਲੇ ਸਰਕਾਰੀ ਮੁਸਲਮਾਨ ਲੇਖਕ ਇਸ ਗੱਲ ਦੀ ਪ੍ਰੋੜਤਾ ਕਰਦੇ ਹਨ ਕਿ ਪੰਜਾਬ ਦੀ ਸਿਆਸਤ ਵਿਚ ਬੰਦਾ ਸਿੰਘ ਨੇ ਅਜਿਹੀ ਹਲਚਲ ਮਚਾਈ ਕਿ ਮੁਗਲਾਂ ਨੂੰ ਵਿਸ਼ਵਾਸ ਨਹੀਂ ਆ ਸਕਦਾ ਸੀ ਕਿ ਇਸ ਤਰ੍ਹਾਂ ਵੀ ਹੋ ਸਕਦਾ ਹੈ!

ਹੈਰਾਨੀ ਵਾਲੀ ਗੱਲ ਇਹ ਹੈ ਕਿ ਜਦੋਂ ਬਾਬਾ ਬੰਦਾ ਸਿੰਘ ਬਹਾਦਰ ਪੰਜਾਬ ਆਏ ਤਾਂ ਉਨ੍ਹਾਂ ਕੋਲ 25 ਸਿੰਘਾਂ ਤੋਂ ਇਲਾਵਾ ਨਾ ਤਾਂ ਕੋਈ ਫੌਜ ਸੀ ਤੇ ਨਾ ਹੀ ਸ਼ਸਤਰ, ਨਾ ਕੋਈ ਖਜਾਨਾ ਸੀ ਤੇ ਨਾ ਹੀ ਘੋੜੇ ਹਾਥੀ। ਮੁਸਲਮਾਨ ਲਿਖਾਰੀ ਖ਼ਫ਼ੀ ਖਾਨ ਤੇ ਮੁਹੰਮਦ ਕਾਸਮ ਅਨੁਸਾਰ ਛੇਤੀ ਹੀ 4000 ਘੋੜ ਸਵਾਰ ਤੇ 7800 ਸਿਪਾਹੀ ਪੈਦਲ ਉਸ ਨਾਲ ਆ ਰਲੇ। ਮਸ਼ਹੂਰ ਇਤਿਹਾਸਕਾਰ ਗੋਕਲ ਚੰਦ ਨਾਰੰਗ ਅਨੁਸਾਰ ਪੈਦਲ ਸੈਨਿਕਾਂ ਦੀ ਗਿਣਤੀ 8900 ਹੋ ਗਈ ਤੇ ਵੱਧਦੀ ਹੋਈ ਅੰਤ 40,000 ਤੱਕ ਪਹੁੰਚ ਗਈ। ਬਾਬਾ ਬੰਦਾ ਸਿੰਘ ਬਹਾਦਰ ਆਪਣੇ ਸਮੇਂ ਦਾ ਇਕ ਉੱਤਮ ਦਰਜੇ ਦਾ ਸਿੱਖ ਯੋਧਾ ਤੇ ਪਹਿਲਾ ਸਿੱਖ ਹੁਕਮਰਾਨ ਸੀ। ਗੁਰੂ ਗੋਬਿੰਦ ਸਿੰਘ ਜੀ ਦੇ ਆਦੇਸ਼ ਅਨੁਸਾਰ ਸਿੰਘਾਂ ਨੇ ਬਾਬਾ ਬੰਦਾ ਸਿੰਘ ਬਹਾਦਰ ਦੀ ਅਗਵਾਈ ਹੇਠ ਪੰਜਾਬ ਵਿਚ ਜੋ ਇਨਕਲਾਬ ਲਿਆਂਦਾ, ਉਹ ਇਕ ਹੈਰਾਨੀਕੁੰਨ ਇਤਿਹਾਸਕ ਹਕੀਕਤ ਹੈ। ਬਾਬਾ ਬੰਦਾ ਸਿੰਘ ਬਹਾਦਰ ਨੇ ਜਦ 1708 ਈ: ਵਿਚ ਪੰਜਾਬ ਅੰਦਰ ਪ੍ਰਵੇਸ਼ ਕੀਤਾ ਤਾਂ ਉਨ੍ਹਾਂ ਦੇ ਸਾਹਮਣੇ ਮੁੱਖ ਉਦੇਸ਼ ਮੁਗਲਾਂ ਦੇ ਰਾਜ ਦੀ ਸਮਾਪਤੀ ਤੇ ਪੰਜਾਬ ਦੀ ਉਸ ਸੁਤੰਤਰਤਾ ਨੂੰ ਬਹਾਲ ਕਰਨਾ ਸੀ, ਜੋ ਸੱਤ ਸੌ ਸਾਲ ਪਹਿਲਾਂ ਗਜਨੀ ਦੇ ਤੁਰਕਾਂ ਨੇ ਮਹਿਮੂਦ ਗਜਨਵੀ ਦੇ ਅਧੀਨ ਪੰਜਾਬ ਦੇ ਹਿੰਦੂ ਲੋਕਾਂ ਤੋਂ ਖੋਹੀ ਸੀ।

ਬਾਬਾ ਬੰਦਾ ਸਿੰਘ ਬਹਾਦਰ ਦੀ ਫੌਜ ਦੀ ਬਣਤਰ ਤੋਂ ਇਸ ਗੱਲ ਦੀ ਪ੍ਰੋੜਤਾ ਹੁੰਦੀ ਹੈ ਕਿ ਬਾਬਾ ਜੀ ਦਾ ਮੰਤਵ ਪੰਜਾਬ ਦੇ ਹਰ ਵਰਗ ਦੇ ਲੋਕਾਂ ਹਿੰਦੂਆਂ, ਸਿੱਖਾਂ ਤੇ ਮੁਸਲਮਾਨਾਂ ਨੂੰ ਇਕ ਪਲੇਟਫਾਰਮ 'ਤੇ ਇਕੱਠੇ ਕਰਨਾ ਸੀ। ਸਮਕਾਲੀ ਭਰੋਸੇਯੋਗ ਗਵਾਹੀਆਂ ਤੋਂ ਪਤਾ ਲਗਦਾ ਹੈ ਕਿ ਉਨ੍ਹਾਂ ਦੀ ਫੌਜ ਵਿਚ ਕੇਵਲ ਸਿੱਖ ਹੀ ਨਹੀਂ ਸਨ, ਘੱਟੋ-ਘੱਟ ਪੰਜ ਹਜ਼ਾਰ ਮੁਸਲਮਾਨ ਵੀ ਮੁਗਲਾਂ ਵਿਰੁੱਧ ਲੜਨ ਲਈ ਉਨ੍ਹਾਂ ਦਾ ਸਾਥ ਦੇ ਰਹੇ ਸਨ। ਈਰਾਨ, ਤੁਰਕ, ਕਾਬਲ, ਕੰਧਾਰ ਤੇ ਮੁਲਤਾਨ ਦੇ ਹਿੰਦੂ ਵੀ ਹਜ਼ਾਰਾਂ ਦੀ ਗਿਣਤੀ ਵਿਚ ਨਾਲ ਆ ਰਲੇ। ਉਦਾਸੀ ਸੰਤਾਂ ਤੇ ਮਸੰਦਾਂ ਦੇ ਪ੍ਰਚਾਰ ਸਦਕਾ ਇਹ ਲੋਕ ਕਾਫੀ ਚਿਰ ਤੋਂ ਸਿੱਖ ਧਰਮ ਵਿਚ ਪ੍ਰਵੇਸ਼ ਕਰ ਚੁੱਕੇ ਸਨ। ਪੰਜਾਬ ਵਿਚ ਆ ਕੇ ਇਹ ਅੰਮ੍ਰਿਤ ਛੱਕ ਕੇ ਬਾਬਾ ਬੰਦਾ ਸਿੰਘ ਦੀ ਫੌਜ ਵਿਚ ਸ਼ਾਮਲ ਹੋ ਗਏ।

ਇਨ੍ਹਾਂ ਤੋਂ ਇਲਾਵਾ ਬਾਬਾ ਜੀ ਨੇ ਪਛੜੀਆਂ ਸ਼੍ਰੇਣੀਆਂ ਤੇ ਦਲਿਤ ਜਾਤੀਆਂ ਨੂੰ ਵੀ ਨਾਲ ਰੱਖਿਆ। ਉਨ੍ਹਾਂ ਨੇ ਪ੍ਰਤੀਤ ਕਰ ਲਿਆ ਸੀ ਕਿ ਅੰਮ੍ਰਿਤ ਛਕਣ ਦੇ ਬਾਅਦ ਜਾਤ-ਪਾਤ ਦਾ ਭੇਦ-ਭਾਵ ਮਿਟ ਜਾਂਦਾ ਹੈ। ਉਨ੍ਹਾਂ ਦਾ ਵਿਸ਼ਵਾਸ ਸੀ ਕਿ ਇਨ੍ਹਾਂ ਦੁਰਬਲ ਤੇ ਨਿਤਾਣੇ ਹੋਏ ਲੋਕਾਂ ਅੰਦਰ ਸਾਹਸ ਪੈਦਾ ਕਰਕੇ ਆਪਣੇ ਨਾਲ ਰਲਾਉਣ ਨਾਲ ਅੰਦੋਲਨ ਦੁਰਬਲ ਹੋਣ ਦੀ ਥਾਂ ਹੋਰ ਮਜ਼ਬੂਤ ਹੁੰਦਾ ਹੈ।

ਖਰਚਾ ਚਲਾਉਣ ਅਤੇ ਧੰਨ ਦੀ ਪੂਰਤੀ ਲਈ ਉਸਨੇ ਉੱਘੇ ਵਪਾਰੀਆਂ ਨੂੰ ਵੰਗਾਰਿਆ। ਸਭ ਨੇ ਖੁਲ੍ਹ ਕੇ ਮਦਦ ਕੀਤੀ। ਆਰਥਿਕ ਲੋੜਾਂ ਦੀ ਪੂਰਤੀ ਹੁੰਦਿਆਂ ਹੀ ਉਨ੍ਹਾਂ ਨੇ ਪੰਜਾਬ 'ਤੇ ਹਮਲਾ ਕਰ ਦਿੱਤਾ ਤੇ ਜਿੱਤਾਂ ਦਾ ਸਿਲਸਿਲਾ ਸ਼ੁਰੂ ਹੋ ਗਿਆ। ਨਵੰਬਰ 11, 1709 ਈ: ਨੂੰ ਸਮਾਣਾ 'ਤੇ ਫਤਹਿ ਪ੍ਰਾਪਤ ਕੀਤੀ। ਇਸ ਤੋਂ ਬਾਅਦ ਸੋਨੀਪਤ, ਕੈਂਥਲ, ਸਮਾਣਾ, ਘੜਾਮ, ਠਸਕਾ, ਸ਼ਾਹਬਾਦ, ਕਪੂਰੀ ਤੇ ਸਢੌਰਾ 'ਤੇ ਸ਼ਾਨਦਾਰ ਜਿੱਤ ਪ੍ਰਾਪਤ ਕੀਤੀ। ਬਾਬਾ ਬੰਦਾ ਸਿੰਘ ਬਹਾਦਰ ਦੇ ਆਉਣ ਦਾ ਸੁਣ ਕੇ ਮਾਝੇ ਤੇ ਦੁਆਬੇ ਦੇ ਸਿੱਖਾਂ ਨੇ ਹਕੂਮਤ ਵਿਰੁੱਧ ਬਗਾਵਤ ਕਰ ਦਿੱਤੀ, ਕਿਉਂਕਿ ਸਿੱਖਾਂ ਦੇ ਹੌਸਲੇ ਬਹੁਤ ਬੁਲੰਦ ਹੋ ਚੁੱਕੇ ਸਨ। ਉਹ ਰੋਪੜ ਨੂੰ ਜਿੱਤ ਕੇ ਬਾਬਾ ਬੰਦਾ ਸਿੰਘ ਬਹਾਦਰ ਨਾਲ ਆ ਮਿਲੇ। ਹੁਣ ਸਿੱਖ ਆਪਣੇ ਮੁੱਖ ਨਿਸ਼ਾਨੇ ਸਰਹੰਦ 'ਤੇ ਜ਼ੋਰਦਾਰ ਹੱਲਾ ਬੋਲਣ ਲਈ ਕਚੀਚੀਆਂ ਲੈਣ ਲੱਗੇ। ਆਖਰ ਉਹ ਘੜੀ ਆ ਗਈ, ਜਿਸਦਾ ਉਹ ਬੇਸਬਰੀ ਨਾਲ ਇੰਤਜ਼ਾਰ ਕਰ ਰਹੇ ਸਨ। ਸੂਬੇਦਾਰ ਵਜ਼ੀਰ ਖਾਂ ਨੂੰ ਸਬਕ ਸਿਖਾਉਣ ਲਈ ਸਿੱਖਾਂ ਨੇ ਚੱਪੜ-ਚਿੱੜੀ ਦਾ ਮੈਦਾਨ ਆ ਮੱਲਿਆ (ਚੱਪੜ-ਚਿੱੜੀ, ਸਰਹਿੰਦ ਤੋਂ 12 ਕੋਹ ਦੀ ਵਿੱਥ 'ਤੇ ਖਰੜ-ਲਾਂਡਰਾ ਸੜਕ 'ਤੇ ਸਥਿਤ ਹੈ)। ਸੂਬੇਦਾਰ ਵਜ਼ੀਰ ਖਾਂ ਦੀਆਂ ਫੌਜਾਂ ਸਿੱਖਾਂ ਦੇ ਤੂਫਾਨ ਨੂੰ ਰੋਕਣ ਲਈ ਅੱਗੇ ਵਧੀਆਂ। ਸਿੰਘਾਂ ਨੇ ਸਰਹੰਦ 'ਤੇ ਹਮਲੇ ਲਈ ਪਹਿਲਾਂ ਹੀ ਜ਼ੋਰਦਾਰ ਤਿਆਰੀਆਂ ਕੀਤੀਆਂ ਹੋਈਆਂ ਸਨ। 12 ਮਈ 1710 ਈ: ਨੂੰ ਚੱਪੜ ਚਿੱੜੀ ਦੇ ਮੈਦਾਨ ਵਿਚ ਜ਼ੋਰਦਾਰ ਖੂਨ-ਡੋਲ੍ਹਵਾਂ ਮੁਕਾਬਲਾ ਹੋਇਆ। ਇਸ ਭਿਆਨਕ ਲੜਾਈ ਵਿਚ ਵਜ਼ੀਰ ਖਾਂ ਮਾਰਿਆ ਗਿਆ। ਇਸ ਤਰ੍ਹਾਂ ਬੰਦਾ ਬਹਾਦਰ ਨੇ 'ਮਾਰ ਵਜੀਦੇ ਖਾਂ ਨੂੰ, ਧਰਤੋਂ ਭਾਰੀ ਪੰਡ ਉਤਾਰੀ' (ਹਰਸਾ ਸਿੰਘ ਚਾਤਰ)।



ਬਾਬਾ ਬੰਦਾ ਸਿੰਘ ਬਹਾਦਰ ਵਲੋਂ ਜਾਰੀ ਕੀਤੇ ਬਾਦਸ਼ਾਹੀ ਸਿੱਕੇ

ਵਜ਼ੀਰ ਖਾਂ ਦੇ ਮਰਨ ਨਾਲ ਬਾਕੀ ਮੁਸਲਮਾਨ ਫੌਜਾਂ ਮੈਦਾਨ ਛੱਡ ਕੇ ਦੌੜ ਗਈਆਂ। ਦੋ ਦਿਨਾਂ ਬਾਅਦ ਸਿੱਖ ਫੌਜਾਂ 14 ਮਈ 1710 ਈ: ਨੂੰ ਸਰਹੰਦ ਵਿਚ ਦਾਖਲ ਹੋਈਆਂ। ਬੰਦਾ ਬਹਾਦਰ ਨੇ ਸਿਤਮਾਂ ਦੀ ਨਗਰੀ ਸਰਹਿੰਦ ਨੂੰ ਇੱਟਾਂ ਦੇ ਢੇਰ ਵਿੱਚ ਬਦਲ ਦਿੱਤਾ। ਵਸਦਾ-ਰਸਦਾ ਸਰਹਿੰਦ ਸ਼ਹਿਰ ਖੰਡਰ ਵਿਚ ਤਬਦੀਲ ਹੋ ਗਿਆ। ਸ਼ਾਹੀ ਅਮੀਰਾਂ ਨੂੰ ਲੁੱਟਿਆ ਗਿਆ ਤੇ ਦੋਸ਼ੀਆਂ ਨੂੰ ਚੁਣ-ਚੁਣ ਕੇ ਮਾਰਿਆ ਗਿਆ। ਵਜ਼ੀਰ ਖਾਂ ਦੇ ਮਹੱਲਾਂ ਵਿਚੋਂ ਬਹੁਤ ਸਾਰਾ ਧਨ ਬਾਬਾ ਬੰਦਾ ਸਿੰਘ ਬਹਾਦਰ ਦੇ ਹੱਥ ਲੱਗਾ। ਸਰਹੰਦ ਦੀ ਜਿੱਤ ਨੇ ਅਹਿਮਦ ਸ਼ਾਹ ਅਬਦਾਲੀ ਦੇ ਇਸ ਕਥਨ ਨੂੰ ਕਿ 'ਸਿੱਖਾਂ 'ਚੋਂ ਹਕੂਮਤ ਦੀ ਬੋ ਆਉਂਦੀ ਹੈ' ਨੂੰ ਸਹੀ ਸਿੱਧ ਕਰ ਦਿਖਾਇਆ।

ਸਰਹੰਦ 'ਤੇ ਮੁਕੰਮਲ ਕਬਜ਼ਾ ਕਰਨ ਤੋਂ ਬਾਅਦ ਬਾਬਾ ਬੰਦਾ ਸਿੰਘ ਬਹਾਦਰ ਮਲੇਰ ਕੋਟਲੇ ਵੱਲ ਵਧਿਆ, ਪਰ ਸਾਹਿਬਜ਼ਾਦਿਆਂ ਵੱਲੋਂ ਇਥੋਂ ਦੇ ਨਵਾਬ ਵੱਲੋਂ ਹਾਅ ਦਾ ਨਾਅਰਾ ਮਾਰਨ ਲਈ, ਇਸ ਸ਼ਹਿਰ ਨੂੰ ਕੋਈ ਨੁਕਸਾਨ ਨਾ ਪਹੁੰਚਾਇਆ ਗਿਆ। ਬਾਬਾ ਬੰਦਾ ਸਿੰਘ ਬਹਾਦਰ ਨੇ ਸਰਹੰਦ ਦੀ ਥਾਂ ਮੁਖਲਿਸਗੜ੍ਹ ਨੂੰ ਆਪਣੀ ਰਾਜਧਾਨੀ ਥਾਪਿਆ ਤੇ ਆਪਣੀਆਂ ਅਗਲੀਆਂ ਮੁਹਿੰਮਾਂ ਦਾ ਅਧਾਰ ਕੇਂਦਰ ਬਣਾਇਆ। ਮੁਖਲਿਸਗੜ੍ਹ ਦਾ ਕਿਲ੍ਹਾ ਸ਼ਾਹਜਹਾਨ ਦੀ ਆਗਿਆ ਅਨੁਸਾਰ ਮੁਖਲਿਸ ਖਾਨ ਨੇ ਬਣਵਾਇਆ ਸੀ। ਜਿਸ ਸਮੇਂ ਬੰਦਾ ਬਹਾਦਰ ਨੇ ਇਸ ਕਿਲ੍ਹੇ ਉਤੇ ਕਬਜਾ ਕੀਤਾ ਤਾਂ ਇਹ ਬੜੀ ਟੁੱਟੀ ਭੱਜੀ ਹਾਲਤ ਵਿਚ ਸੀ, ਛੇਤੀ ਹੀ ਇਸਦੀ ਮੁਰੰਮਤ ਕੀਤੀ ਤੇ ਇਸਦਾ ਨਾਂ ਲੋਹਗੜ੍ਹ ਰੱਖਿਆ ਗਿਆ। ਸਰਹੰਦ ਦਾ ਖਜ਼ਾਨਾ, ਸਾਰੀਆਂ ਮੁਹਿੰਮਾਂ ਵਿਚ ਪ੍ਰਾਪਤ ਹੋਇਆ। ਮਾਲ ਅਸਬਾਬ ਤੇ ਜੰਗੀ ਸਮਾਨ 'ਤੇ ਕਬਜ਼ੇ ਹੇਠ ਆਏ ਇਲਾਕਿਆਂ ਤੋਂ ਉਗਰਾਹਿਆ ਹੋਇਆ ਮਾਮਲਾ ਸਭ ਇਥੇ ਇਕੱਠੇ ਕੀਤੇ ਗਏ। ਅਸਲੀ ਅਰਥਾਂ ਵਿਚ ਲੋਹਗੜ੍ਹ ਸਿੰਘਾਂ ਦੇ ਨਵੇਂ ਬਣ ਰਹੇ ਰਾਜ ਦੀ ਰਾਜਧਾਨੀ ਬਣ ਗਿਆ। ਫੌਜੀ ਨਜ਼ਰੀਏ ਤੋਂ ਇਸ ਜਗ੍ਹਾ ਦੀ ਚੋਣ ਕਾਫੀ ਬੁਧੀਮਾਨੀ ਵਾਲੀ ਸੀ, ਕਿਉਂਕਿ ਸੁਰੱਖਿਆ ਪੱਖੋਂ ਇਹ ਮੁੱਖ ਮਾਰਗ ਤੋਂ ਹਟ ਕੇ ਨੀਮ ਪਹਾੜੀ ਇਲਾਕੇ ਨਾਲ ਲਗਣ ਕਰਕੇ ਕਾਫੀ ਸੁਰੱਖਿਅਤ ਸੀ। ਬਾਬਾ ਬੰਦਾ ਸਿੰਘ ਬਹਾਦਰ ਹੁਣ ਇਕ ਛੋਟਾ ਜਿਹਾ ਬੇਤਾਜ਼ ਬਾਦਸ਼ਾਹ ਬਣ ਗਿਆ ਸੀ। ਉਸ ਦੇ ਕੋਲ ਸ਼ਰਧਾਲੂ ਸਿੰਘਾਂ ਦੀ ਫੌਜ ਵੀ ਹੋ ਗਈ ਸੀ, ਰਾਜ ਕਾਜ ਲਈ ਰਾਜਧਾਨੀ ਵੀ ਤੇ ਰਹਿਣ ਲਈ ਮਹਿਲ ਵੀ।

ਉਸ ਨੇ ਰਾਜ ਦੀ ਸਦੀਵੀ ਪੱਕੀ ਨਿਸ਼ਾਨੀ ਲਈ ਗੁਰੂ ਨਾਨਕ, ਗੁਰੂ ਗੋਬਿੰਦ ਸਿੰਘ ਦੇ ਨਾਂ ਦਾ ਸਿੱਕਾ ਵੀ ਜਾਰੀ ਕਰ ਦਿੱਤਾ, ਜਿਸ 'ਤੇ ਫਾਰਸੀ ਦੇ ਹੇਠ ਲਿਖੇ ਸ਼ਬਦ ਉਕਰੇ ਹੋਏ ਸਨ:

'ਸਿੱਕਾ ਜਦ ਬਰ ਹਰ ਦੋ ਆਲਮ ਤੇਗਿ ਨਾਨਕ ਵਾਹਿਬ ਅਸਤ'
'ਫਤਹਿ ਗੋਬਿੰਦ ਸਿੰਘ ਸ਼ਾਹਿ-ਸ਼ਾਹਾਨ ਫ਼ਜਲਿ ਸੱਚਾ ਸਾਹਿਬ ਅਸਤ'
ਜਿਸਦਾ ਅਰਥ ਹੈ:
ਸਿੱਕਾ ਮਾਰਿਆ ਦੋ ਜਹਾਨ ਉੱਤੇ,
ਬਖਸ਼ਾਂ ਬਖਸ਼ੀਆਂ ਨਾਨਕ ਦੀ ਤੇਗ ਨੇ ਜੀ।

(ਬਾਕੀ ਸਫਾ 9 ਉਤੇ)

# ਰੋਜ਼ ਡੇਅ

ਸਿਮਰਨ ਧਾਲੀਵਾਲ
ਫੋਨ: +91-9463215168



***ਜਦੋਂ ਦੋਸਤ ਮਰਦ-ਔਰਤ ਬੇਪਰਵਾਹੇ ਹੋਏ ਆਪਸ ਵਿੱਚ ਗੱਲੀਂ ਰੁੱਝੇ ਹੋਣ ਤਾਂ ਉਨ੍ਹਾਂ ਨੂੰ ਤਾੜਦੀਆਂ ਨਜ਼ਰਾਂ ਕੁਝ ਹੋਰ ਹੀ ਬੁਣਤੀਆਂ ਬੁਣਦੀਆਂ ਹੁੰਦੀਆਂ ਹਨ। ਸਵਾਦ ਲੈਣ ਵਾਲੇ ਸਵਾਦ ਲੈਂਦੇ ਹਨ ਤੇ ਸੜ-ਮੱਚ ਜਾਣ ਵਾਲੇ ਤਰ੍ਹਾਂ ਤਰ੍ਹਾਂ ਦੀਆਂ ਗੱਲਾਂ ਹਵਾ ਵਿੱਚ ਉਡਾਉਣ ਲੱਗ ਪੈਂਦੇ ਹਨ। ਸਮਾਜ ਵਿੱਚ ਇਹ ਵਰਤਾਰਾ ਆਮ ਹੀ ਵਰਤਦਾ ਹੈ, ਪਰ ਜਦੋਂ ਮਰਦ-ਔਰਤ ਦੀ ਦੋਸਤੀ ਵਿੱਚ ਇੱਕ ਧਿਰ ਇੱਕਪਾਸੜ ਸੋਚ ਅਧੀਨ ਦੋਸਤੀ ਨੂੰ ਇਸ਼ਕ ਸਮਝਣ ਲੱਗ ਪਵੇ ਤਾਂ ਬੇਧਿਆਨੀ ਵਿੱਚ ਵੱਜੀਆਂ ਠੋਕਰਾਂ ਵਾਂਗ ਅਖੀਰ ਮਨ ਪੀੜ ਪੀੜ ਹੋ ਜਾਂਦਾ ਹੈ। ਇਸ ਸਭ ਕੁਝ ਦੇ ਰਲਵੇਂ-ਮਿਲਵੇਂ ਅਹਿਸਾਸ ਨੂੰ ਹੀ ਕਹਾਣੀਕਾਰ ਸਿਮਰਨ ਧਾਲੀਵਾਲ ਨੇ ਆਪਣੇ ਲਫਜ਼ਾਂ ਵਿੱਚ ਪਰੋਇਆ ਹੈ।***

ਉਦੋਂ ਉਹਨੇ ਹੱਸ ਕੇ ਹੀ ਤਾਂ ਕਿਹਾ ਸੀ, "ਨਵਰਾਜ ਸਰ! ਕੋਈ ਸੋਹਣੀ ਜਿਹੀ ਗ਼ਜ਼ਲ ਸੁਣਾਓ ਨਾ।"

ਇਹ ਦੂਜਾ ਮੌਕਾ ਸੀ ਜਦੋਂ ਸਾਡਾ ਆਪਸ ਵਿੱਚ ਕਲਾਮ ਹੋਇਆ ਸੀ। ਪਹਿਲਾ, ਪਹਿਲੇ ਦਿਨ ਜਦੋਂ ਉਹ ਕਾਲਜ ਆਈ ਸੀ। ਉਹਦੀ ਹੈੱਡ ਨੇ ਸਟਾਫ ਰੂਮ ਵਿੱਚ ਸਾਡਾ ਤੁਆਰੁਫ਼ ਕਰਵਾਇਆ।

"ਇਹ ਰੋਜ਼ੀ ਮੈੱਮ ਨੇ। ਬਿਕਰਮ ਸਰ ਦੀ ਥਾਂ 'ਤੇ ਆਏ ਨੇ।" ਫਿਰ ਉਹਨੇ ਮੇਰੇ ਵੱਲ ਹੱਥ ਕਰਕੇ ਆਖਿਆ, "ਨਵਰਾਜ ਸਰ! ਮਿਊਜ਼ਕ ਡਿਪਾਰਟਮੈਂਟ। ਇਹ ਬਲਕਰਨ ਸਰ ਪੰਜਾਬੀ ਵਾਲੇ।" ਸਟਾਫ ਰੂਮ ਵਿਚ ਅਸੀਂ ਦੋਵੇਂ ਜਾਣੇ ਹੀ ਸਾਂ। ਬਲਕਰਨ ਨੇ ਹੱਸ ਕੇ ਕੋਈ ਗੱਲ ਤਾਂ ਕਰਨੀ ਚਾਹੀ ਸੀ, ਪਰ ਨਾ ਉਹਦੀ ਹੈੱਡ ਨੇ ਕੋਈ ਹੁੰਗਾਰਾ ਭਰਿਆ ਤੇ ਨਾ ਹੀ ਰੋਜ਼ੀ ਨੇ। ਮੈਨੂੰ ਲੱਗਦਾ, ਬਾਅਦ ਵਿੱਚ ਤਾਂ ਹੈੱਡ ਨੇ ਪੱਕਾ ਆਖ ਵੀ ਦਿੱਤਾ ਹੋਣਾ, "ਰੋਜ਼ੀ! ਆਹ ਪੰਜਾਬੀ ਵਾਲੇ ਨਾਲ ਬਹੁਤਾ ਮੂੰਹ ਨਾ ਲਾਈ। ਫੇਰ ਨਾ ਆਖੀਂ ਦੱਸਿਆ ਨਹੀਂ।"

ਦੂਜੀ ਵਾਰ ਉਦੋਂ, ਜਦੋਂ ਕਾਲਜ ਦੇ ਫਾਊਂਡੇਸ਼ਨ ਡੇਅ 'ਤੇ ਗਾਉਣ ਲਈ ਮੈਂ ਬੱਚਿਆਂ ਨੂੰ ਗੁਰਬਾਣੀ ਸ਼ਬਦ ਤਿਆਰ ਕਰਵਾ ਰਿਹਾ ਸੀ।

ਸਟਾਫ਼ ਵਿੱਚੋਂ ਕਦੇ-ਕਦੇ ਕੋਈ ਜਣਾ ਆਡੀਟੋਰੀਅਮ ਵਿੱਚ ਆ ਜਾਂਦਾ। ਉਸ ਦਿਨ ਉਹ ਵੀ ਅੰਗਰੇਜ਼ੀ ਵਾਲੀ ਕਸ਼ਅਪ ਮੈਡਮ ਨਾਲ ਆਈ ਸੀ। ਪਤਾ ਨਹੀਂ ਮੇਰੇ ਗਾਉਣ ਬਾਰੇ ਉਹਨੂੰ ਕਿਸ ਨੇ ਦੱਸਿਆ ਹੋਵੇ। ਉਹਨੇ ਨਿਸੰਗ, ਦੂਜੀ ਹੀ ਵਾਰ ਵਿੱਚ ਮੇਰੇ ਕੋਲ ਗ਼ਜ਼ਲ ਦੀ ਫ਼ਰਮਾਇਸ਼ ਕਰ ਲਈ।

"ਅਲਜ਼ਬਰਾ ਪੜ੍ਹਉਣ ਵਾਲਿਆਂ ਨੂੰ ਗ਼ਜ਼ਲਾਂ ਸਮਝ ਆਉਂਦੀਆਂ ਨੇ?" ਮੈਂ ਵੀ ਹੱਸ ਕੇ, ਪਰ ਝਕਦੇ ਹੋਏ ਨੇ ਆਖ ਦਿੱਤਾ।

"ਸਮਝ ਤਾਂ ਬਹੁਤ ਕੁਝ ਆਉਂਦਾ ਹੈ ਸਰ! ਹਾਲੇ ਤੁਸੀਂ ਗ਼ਜ਼ਲ ਸੁਣਾਓ।" ਉਹਨੇ ਪਹਿਲਾਂ ਨਾਲੋਂ ਵੀ ਵੱਧ ਸ਼ਰਾਰਤੀ ਲਹਿਜ਼ੇ ਵਿੱਚ ਆਖਿਆ।

ਮੈਂ ਹਾਰਮੋਨੀਅਮ 'ਤੇ ਹੱਥ ਚਲਾਇਆ। ਸੁਰ ਫੜਿਆ ਤੇ ਗਾਉਣ ਲੱਗਾ।

"ਤੇਰੇ ਆਨੇ ਕੀ ਜਬ ਖ਼ਬਰ ਮਹਿਕੇ...।"

ਮਾਹੌਲ ਸ਼ਾਂਤ ਹੋ ਗਿਆ। ਉਹ ਅੱਖਾਂ ਬੰਦ ਕਰੀ ਸੁਣਦੀ ਰਹੀ। ਜਦੋਂ ਮੈਂ ਗ਼ਜ਼ਲ ਮੁਕਾ ਕੇ ਉਸ ਵੱਲ ਦੇਖਿਆ, ਉਸਦੇ ਚਿਹਰੇ ਉਤੇ ਜਿਵੇਂ ਕੁਝ ਵੱਖਰਾ ਜਿਹਾ ਤਲਿਸਮ ਸੀ।

"ਇਹ ਨਹੀਉਂ ਸੰਗਦੀ-ਸੁੰਗਦੀ। ਸਭ ਨਾਲ ਗੱਲਾਂ ਤਾਂ ਇਉਂ ਮਾਰਦੀ, ਜਿਵੇਂ ਜੰਮੀ ਈ ਏਸੇ ਕਾਲਜ ਵਿਚ ਹੋਵੇ। ਤੂੰ ਦੇਖੀਂ! ਇੱਕ ਨਾ ਇੱਕ ਦਿਨ ਕੋਈ ਪਟਾਕਾ ਜ਼ਰੂਰ ਪੈਣਾ। ਇਹਦੀ ਨੱਥਲੀ ਦੱਸਦੀ।" ਸਟਾਫ਼ ਰੂਮ ਵਾਲੀ ਮੁਲਾਕਾਤ ਤੋਂ ਅਗਲੇ ਦਿਨ, ਬਲਕਰਨ ਕਨਟੀਨ 'ਚ ਬੈਠਾ ਆਖ ਰਿਹਾ ਸੀ।

"ਨੱਥਲੀ ਵਾਲੀ ਗੱਲ ਸਮਝਾਉ ਉਸਤਾਦ ਜੀ।" ਫਿਜ਼ੀਕਲ ਵਾਲੇ ਗਿੱਲ ਨੇ ਚਾਹ ਦੀ ਚੁਸਕੀ ਭਰਦਿਆਂ, ਅੱਖਾਂ ਭੁਆਂ ਕੇ ਪੁੱਛਿਆ ਸੀ।

"ਇਹ ਨੁੱਕਤਾ ਜਵਾਕਾਂ ਨੂੰ ਨਹੀਂ ਦੱਸੀਦਾ ਬੱਲਿਆ।" ਬਲਕਰਨ ਨੇ ਆਖਿਆ ਤਾਂ ਸਾਰੇ ਹੱਸ ਪਏ ਸਨ। ਬਲਕਰਨ ਵੀ ਆਪਣੀ ਗੱਲ 'ਤੇ ਖੀਂ-ਖੀਂ ਕਰਕੇ ਹੱਸਦਾ ਰਿਹਾ; ਚੁੰਨੀਆਂ ਜਿਹੀਆਂ ਅੱਖਾਂ ਪੂਰੀਆਂ ਬੰਦ ਕਰਕੇ।

ਰੋਜ਼ੀ ਨੇ ਅੱਖਾਂ ਖੋਲ੍ਹੀਆਂ।

"ਵਾਹ! ਨਵਰਾਜ ਸਰ ਤੁਸੀਂ ਤਾਂ ਕਮਾਲ ਦਾ ਗਾਉਂਦੇ ਹੋ। ਪਤਾ ਇਹ ਮੇਰੀ ਫੈਵਰਿਟ ਗ਼ਜ਼ਲ ਏ।"

ਮੈਂ ਦੇਖਿਆ, ਆਡੀਟੋਰੀਅਮ ਵਿੱਚ ਜਗਦੀ ਮੱਧਮ ਜਿਹੀ ਲਾਈਟ ਵਿੱਚ ਉਹਦੇ ਨੱਕ ਦੀ ਨੱਥਲੀ ਚਮਕ ਰਹੀ ਸੀ। ਮੈਨੂੰ ਬਲਕਰਨ ਦੀ ਦੱਸੀ ਗੱਲ ਯਾਦ ਆ ਗਈ।

ਆਪਣੀ ਤਾਰੀਫ਼ ਸੁਣ ਕੇ ਮੈਂ ਬੱਸ ਹਲਕਾ ਜਿਹਾ ਮੁਸਕੁਰਾਇਆ।

"ਆਓ ਫਿਰ ਕੌਫ਼ੀ ਤਾਂ ਬਣਦੀ ਹੈ ਨਾ ਹੁਣ?" ਉਹਨੇ ਹੋਰ ਵੀ ਹੱਸ ਕੇ ਆਖਿਆ ਤਾਂ ਮੇਰੇ ਕੋਲੋਂ ਨਾਂਹ ਨਾ ਕਰ ਹੋਈ। ਬੱਚਿਆਂ ਨੂੰ ਬ੍ਰੇਕ ਦੇ ਕੇ ਮੈਂ, ਰੋਜ਼ੀ ਤੇ ਕਸ਼ਅਪ ਮੈਡਮ ਕਨਟੀਨ ਜਾ ਬੈਠੇ।

"ਤੁਸੀਂ ਬੈਠੋ ਤੇ ਮੈਂ ਆਈ।" ਪਲਾਂ ਵਿੱਚ ਹੀ ਉਹ ਕੌਫ਼ੀ ਦਾ ਆਰਡਰ ਦੇ ਕੇ ਆ ਗਈ।

"ਰੋਜ਼ੀ ਮੈੱਮ! ਸੱਚਮੁੱਚ, ਤੁਸੀਂ ਇੰਨੇ ਮਿਊਜ਼ਿਕ ਲਵਰ ਹੋਵੋਗੇ। ਆਈ ਕਾਂਟ...।" ਮੈਂ ਜਿਵੇਂ ਉਹਨੂੰ ਜਾਣਨ ਲਈ ਕਾਹਲਾ ਸੀ। ਪਰ ਅੰਦਰੋਂ ਕਿਤਿਓ, ਬਲਕਰਨ ਬੋਲਣ ਲੱਗਾ, 'ਮੈਂ ਤੈਨੂੰ ਖੋਹਣਾ ਨਹੀਂ ਚਾਹੁੰਦਾ, ਇਸ ਲਈ ਮੈਂ ਤੈਨੂੰ ਜਾਨਣਾ ਨਹੀਂ ਚਾਹੁੰਦਾ।' ਉਹ ਆਖਦਾ ਹੁੰਦਾ, ਜਿਹੜਾ ਬੰਦਾ ਚੰਗਾ ਲੱਗੇ ਉਹਨੂੰ ਜਾਨਣਾ ਨਹੀਂ ਚਾਹੀਦਾ। ਜਦੋਂ ਜਾਣ ਲਿਆ, ਫੇਰ ਚੰਗਿਆਈ ਫਿੱਕੀ ਪੈ ਜਾਂਦੀ ਤੇ ਬੰਦੇ ਦੇ ਭੈੜ ਦਿੱਸਣ ਲੱਗ ਜਾਂਦੇ ਨੇ।

ਮੈਂ ਮਨ ਹੀ ਮਨ ਆਪਣੀ ਇਸ ਗੱਲ 'ਤੇ ਮੁਸਕੁਰਾ ਪਿਆ। ਸੋਚਿਆ, ਮੈਂ ਉਹਨੂੰ ਪਾਇਆ ਹੀ ਕਿੱਥੇ ਹੈ ਜਿਹੜਾ ਖੋਹਣ ਦਾ ਡਰ ਹੈ?

"ਸਰ ਮੈਂ ਬਹੁਤ ਸੁਣਦੀ ਹਾਂ ਮਿਊਜ਼ਿਕ। ਇਨਫੈਕਟ ਚੰਗਾ ਮਿਊਜ਼ਿਕ। ਕਿਤਾਬਾਂ ਪੜ੍ਹਦੀ ਹਾਂ। ਆਈ ਐਮ ਆੱਰਟ ਲਵਰ ਐਕਚੁਅਲੀ।"

"ਕਿਆ ਬਾਤਾਂ ਤੁਹਾਡੀਆਂ। ਫੇਰ ਆਹ ਅਲ਼ਫ਼ਾ ਬੀਟਾ ਗਾਮਾ ਨਾਲ ਕਿਉਂ ਟੱਕਰਾਂ ਮਾਰਨੀਆਂ ਸੀ?"

"ਰੋਟੀ ਖਾਤਰ ਸਰ ਜੀ, ਰੋਟੀ ਖਾਤਰ। ਹੋਰ ਗਾਣਾ ਕੀਹਨੇ ਸੁਣਨਾ ਸੀ ਮੇਰਾ।"

"ਅੱਛਾ ਗਾਉਂਦੇ ਵੀ ਹੋ? ਫੇਰ ਤਾਂ ਹੋ ਜਾਏ ਜ਼ਰਾ ਕੋਈ ਤਰਾਨਾ।" ਮੈਂ ਇਸ ਵਾਰ ਸਾਰੀ ਝਿਜਕ ਦੂਰ ਕਰ ਕੇ ਆਖਿਆ।

"ਸਾਰਾ ਕੁਝ ਇੱਕੋ ਦਿਨ ਸੁਣ ਲੈਣਾ? ਕੀ ਗੱਲ, ਫੇਰ ਕੌਫ਼ੀ ਪੀਣ ਦਾ ਇਰਾਦਾ ਨਹੀਂ?" ਮੈਂ ਉਹਦੀ ਇਸ ਗੱ.ਲ ਨੂੰ ਦੋਸਤੀ ਦਾ ਸੱਦਾ ਸਮਝ ਲਿਆ।

****

ਕਈ ਦਿਨਾਂ ਬਾਅਦ ਧੁੱਪ ਨਿਕਲੀ ਸੀ।

ਮੈਂ ਸਟਾਫ਼ ਰੂਮ ਦੇ ਸਾਹਮਣੇ ਵਾਲੇ ਲਾਅਨ ਵਿਚ ਬੈਠਾ ਸਾਂ। ਉਹ ਪਤਾ ਨਹੀਂ ਕਿਧਰੋਂ ਤੁਰਦੀ ਫਿਰਦੀ ਮੇਰੇ ਕੋਲ ਆਣ ਬੈਠੀ।

"ਸਰ ਇਉਂ ਇਕੱਲਿਆਂ ਜਾਂ ਤਾਂ ਫਕੀਰ ਬਹਿੰਦੇ ਨੇ ਜਾਂ ਫਿਰ...। ਫਕੀਰ ਤਾਂ ਤੁਸੀਂ ਹੈਨੀ। ਸੋ...।" ਮੇਰੀਆਂ ਅੱਖਾਂ ਵਿਚ ਵੇਖਦੀ ਉਹ ਹੱਸ ਪਈ।



"ਇਕੱਲਾ ਕਿੱਥੇ! ਮੈਂ ਤਾਂ ਥੋੜੇ ਖ਼ਿਆਲਾਂ ਦੀ ਕਿਤਾਬ ਲਈ ਬੈਠਾਂ ਸਾਂ।" ਮੇਰਾ ਜੀਅ ਤਾਂ ਕੀਤਾ ਇੰਝ ਕਹਾਂ, ਪਰ ਡਰ ਗਿਆ।

"ਅਸੀਂ ਤਾਂ ਫ਼ਕੀਰ ਹੀ ਆ ਰੋਜ਼ੀ ਮੈੱਮ!" ਮੈਂ ਬਹੁਤਾ ਖੁ.ਲ੍ਹਣ ਤੋਂ ਸੰਗ ਜਾਂਦਾ, ਪਰ ਮੋੜਾ ਦੇਣ ਦੀ ਕੋਸ਼ਿਸ਼ ਕਰਦਾ।

"ਚਲੋ ਅਗਲੇ ਚਾਲੀ ਮਿੰਟ ਫਕੀਰਾਂ ਦੇ ਲੇਖੇ ਸਹੀ। ਥਾਂ ਤਾਂ ਦੇ ਦਓ।" ਉਹਨੇ ਬੈਂਚ ਵੱਲ ਇਸ਼ਾਰਾ ਕੀਤਾ।

"ਰੋਜ਼ੀ ਜੀ ਬੈਂਚ ਦਾ ਕੀ ਏ ਅਸੀਂ ਤਾਂ ਦਿਲ ਵਿੱਚ ਥਾਂ ਦੇਣ ਨੂੰ ਤਿਆਰ ਆ।" ਕਹਿਣਾ ਤਾਂ ਮੈਂ ਇਹ ਚਾਹੁੰਦਾ ਸਾਂ, ਪਰ ਕਹਿਣ ਦੀ ਹਿੰਮਤ ਨਾ ਪਈ। ਆਪਣੀ ਡਾਇਰੀ ਚੁੱਕ ਕੇ ਉਹਦੇ ਬਹਿਣ ਲਈ ਥਾਂ ਬਣਾਉਂਦਾ, ਪਰ੍ਹੇ ਨੂੰ ਖਿਸਕ ਗਿਆ। ਉਹਨੇ ਬੈਂਚ 'ਤੇ ਬੈਠਦਿਆਂ ਲੰਮਾ ਸਾਹ ਲਿਆ।

"ਨਵਰਾਜ ਸਰ! ਕੋਈ ਸੋਹਣੀ ਜਿਹੀ ਗੱਲ ਸੁਣਾਓ।" ਉਸਨੇ ਹੱਸ ਕੇ ਆਖਿਆ। ਨੱਕ ਦੀ ਨੱਥਲੀ ਧੁੱਪ ਵਿੱਚ ਲਿਸ਼ਕ ਰਹੀ ਸੀ।

ਮੇਰਾ ਫੇਰ ਜੀਅ ਕੀਤਾ ਕਹਿ ਦਿਆਂ, "ਰੋਜ਼ੀ ਜੀ, ਸੋਹਣਿਆਂ ਸਾਹਮਣੇ ਸਭ ਸੋਹਣੀਆਂ ਗੱਲਾਂ ਫਿੱਕੀਆਂ ਹੁੰਦੀਆਂ।" ਪਰ ਮਨ ਦੀਆਂ ਮਨ ਵਿੱਚ ਦਬਾ ਕੇ ਮੈਂ ਆਪਣੀ ਡਾਇਰੀ ਖੋ.ਲ੍ਹ ਲਈ।

"ਇੱਕ ਗ਼ਜ਼ਲ ਸੁਣੋ। ਦਾਸ ਨੇ ਅੱਜ ਲਿਖੀ। ਥੋੜ੍ਹੀ ਦੇਰ ਪਹਿਲਾਂ।" ਮੈਂ ਆਪਣੀ ਲਿਖੀ ਗ਼ਜ਼ਲ ਸੁਣਾ ਕੇ ਉਸਦੇ ਚਿਹਰੇ ਵੱਲ ਦੇਖਿਆ, ਆਪਣੀ ਰਚਨਾ ਦਾ ਪ੍ਰਭਾਵ ਜਾਨਣ ਲਈ।

"ਵਾਹ!! ਬਸ ਉਸਤਾਦ ਬਣ ਜਾਓ ਇਸ ਖਾਕਸਾਰ ਦੇ।" ਉਹ ਖਿੜ ਗਈ। ਮੈਂ ਉਸਨੂੰ ਖਿੜੀ ਦੇਖ ਕੇ ਖਿੜ ਪਿਆ।

ਅਸੀਂ ਚਾਹ ਪੀਤੀ। ਗੱਲਾਂ ਕੀਤੀਆਂ। ਗੀਤ-ਗ਼ਜ਼ਲਾਂ ਸੁਣੇ ਤੇ ਸੁਣਾਏ। ਉਹ ਮੇਰੇ ਨੇੜੇ ਹੁੰਦੀ ਗਈ। ਮੈਂ ਗੂੜ੍ਹੀ ਹੁੰਦੀ ਇਸ ਦੋਸਤੀ ਨਾਲ ਨਸ਼ਿਆਇਆ ਫਿਰਦਾ।

"ਅੱਜ ਰੋਟੀ ਕਿੰਨੇ ਵਜੇ ਖਾਣੀ ਗੁਰੂਦੇਵ। ਮੈਨੂੰ ਵੀ ਬੁਲਾ ਲਿਓ, ਇਕੱਠੇ ਖਾਵਾਂਗੇ।" ਜਿਸ ਦਿਨ ਉਹਨੇ ਇਹ ਪੁਛਿਆ, ਮੈਂ ਅੰਦਰੋਂ ਝੂਮ ਉਠਿਆ।

"ਬਾਰਾਂ ਪੈਂਤੀ 'ਤੇ!" ਮੈਂ ਫ੍ਰੀ ਲੈਕਚਰ ਦਾ ਹਿਸਾਬ ਲਾ ਕੇ ਦੱਸਿਆ ਸੀ। ਉਸ ਦਿਨ ਤੋਂ ਮਗਰੋਂ ਮੈਂ ਤੇ ਉਹ ਹਰ ਰੋਜ਼ ਇਕੱਠਿਆਂ ਰੋਟੀ ਖਾਣ ਲੱਗੇ।

"ਤੇਰਾ ਲੂਣ ਹਰਾਮ ਹੋ ਕੇ ਰਹਿਣਾ ਇੱਕ ਦਿਨ ਤੂੰ ਦੇਖ ਲਈ।" ਮੈਂ ਜਿੰਨਾ ਉਸ ਦੇ ਨਜ਼ਦੀਕ ਹੁੰਦਾ, ਬਲਕਰਨ ਦੀ ਕੋਈ ਨਾ ਕੋਈ ਗੱਲ ਮੈਨੂੰ ਉਨਾਂ ਹੀ ਡਰਾ ਦਿੰਦੀ।

"ਇਹ ਨੱਥਲੀ ਵਾਲੀਆਂ ਬਲਾਵਾਂ ਹੁੰਦੀਆਂ। ਬਚ ਕੇ ਰਹੀ ਦੇਖੀਂ ਪਾਣੀ ਨਹੀਂ ਮੰਗਣ ਦੇਣਾ ਅਗਲੀ ਨੇ।" ਮੈਂ ਬਲਕਰਨ ਦੀਆਂ ਗੱਲਾਂ ਵੱਲੋਂ ਧਿਆਨ ਹਟਾ ਕੇ ਆਪਣਾ ਸਾਰਾ ਧਿਆਨ ਉਹਦੇ ਵੱਲ ਮੋੜ ਲਿਆ। ਉਹਨੇ ਕੋਈ ਗੱਲ ਪੁੱਛਣੀ ਹੁੰਦੀ, ਮੈਨੂੰ ਪੁੱਛਦੀ। ਕੋਈ ਗੱਲ ਦੱਸਣੀ ਹੁੰਦੀ, ਕਾਲਜ ਵਿੱਚ ਮੈਨੂੰ ਲੱਭਦੀ ਫਿਰਦੀ।

"ਗੁਰੂ ਜੀ ਕੀ ਕਰ ਰਹੇ ਹੋ?" ਇੱਕ ਦਿਨ ਉਹਦਾ ਫੋਨ ਆਇਆ। ਮੈਂ ਬਹੁਤ ਰੁੱਝਿਆ ਹੋਇਆ ਸਾਂ, ਪਰ ਉਹਨੂੰ ਨਾ ਦੱਸਿਆ।

"ਗੁਰੂ ਜੀ ਫੇਰ ਐਗਜ਼ਾਮ ਹਾਲ 'ਚ ਆਜੋ, ਮੇਰੇ ਥਾਂ ਡਿਊਟੀ 'ਤੇ। ਮੇਰੇ ਨਾ ਪੇਪਰ ਚੈੱਕ ਕਰਨ ਵਾਲੇ ਪਏ ਨੇ।" ਉਹਨੇ ਇੰਨੇ ਮੋਹ ਨਾਲ ਆਖਿਆ ਕਿ ਮੈਂ ਆਪਣੇ ਜ਼ਰੂਰੀ ਕੰਮ ਪਾਸੇ ਰੱਖ ਕੇ ਉਹਦੀ ਥਾਂ ਡਿਊਟੀ ਕਰਨ ਲਈ ਚਲਾ ਗਿਆ।

"ਮੈਂ ਬੱਸ ਪੰਦਰਾਂ ਕੁ ਮਿੰਟਾਂ 'ਚ ਆਈ।" ਉਹਨੇ ਆਖਿਆ ਤੇ ਮਹਿਕਾਂ ਬਖੇਰਦੀ ਕਮਰਿਓਂ ਬਾਹਰ ਹੋ ਗਈ। ਪੰਦਰਾਂ ਮਿੰਟ ਗਿਣਦਿਆਂ-ਗਿਣਦਿਆਂ ਪੂਰੇ ਤਿੰਨ ਘੰਟੇ ਬੀਤ ਗਏ, ਪਰ ਉਹ ਮੁੜੀ ਨਾ। ਹਾਲ ਖਾਲੀ ਹੋ ਗਿਆ। ਬੱਚੇ ਘਰਾਂ ਨੂੰ ਤੁਰ ਗਏ। ਮੈਂ ਪੇਪਰ ਇਕੱਠੇ ਕੀਤੇ। ਜਮਾਂ ਕਰਵਾਏ ਤੇ ਸਟਾਫ਼ ਰੂਮ ਵਿੱਚ ਆ ਗਿਆ। ਮੇਰੇ ਆਉਂਦਿਆਂ ਨੂੰ ਉਹ ਮੈਡਮਾਂ ਨਾਲ ਬੈਠੀ ਸੰਤਰੇ ਖਾ ਰਹੀ ਸੀ।

"ਗੁਰੂ ਜੀ ਆ ਗਏ ਤੁਸੀਂ" ਉਹਨੇ ਇੰਨੇ ਸਹਿਜ ਨਾਲ ਕਿਹਾ ਕਿ ਜਿਵੇਂ ਕੁਝ ਹੋਇਆ ਹੀ ਨਾ ਹੋਵੇ। ਪੰਦਰਾਂ ਮਿੰਟਾਂ ਦਾ ਕਹਿ ਕੇ ਉਹਨੇ ਮੇਰੇ ਕੋਲੋਂ ਤਿੰਨ ਘੰਟੇ ਆਪਣੀ ਥਾਂ ਡਿਊਟੀ ਕਰਵਾਈ ਸੀ, ਪਰ ਇੱਕ ਵਾਰ ਵੀ ਇਸ ਗੱਲ ਲਈ ਮੇਰਾ ਧੰਨਵਾਦ ਨਾ ਕੀਤਾ। ਮੈਨੂੰ ਇੱਕ ਪਲ ਲਈ ਬੁਰਾ ਵੀ ਲੱਗਿਆ, ਪਰ ਫੇਰ ਜਦੋਂ ਉਹ ਆਪਣੀ ਸੰਤਰਾ ਪਾਰਟੀ ਛੱਡ ਕੇ ਮੇਰੇ ਨਾਲ ਵਾਲੇ ਸੋਫ਼ੇ 'ਤੇ ਆ ਕੇ ਬੈਠੀ, ਮੇਰਾ ਗੁੱਸਾ ਕਿੱਧਰੇ ਗਫ਼ੂਰ ਹੋ ਗਿਆ। ਅਸੀਂ ਆਪਣੀਆਂ ਗੱਲਾਂ ਵਿੱਚ ਗੁਆਚ ਗਏ। ਸਟਾਫ਼ ਦੇ ਹੁੰਦਿਆਂ ਵੀ ਇਕੱ.ਲੇ। ਮੈਂ ਨੋਟ ਕੀਤਾ, ਸਾਹਮਣੇ ਸੋਫ਼ਿਆਂ 'ਤੇ ਬੈਠੀਆਂ ਮੈਡਮਾਂ ਅੱਖਾਂ-ਅੱਖਾਂ ਵਿੱਚ ਗੱਲਾਂ ਕਰ ਰਹੀਆਂ ਸਨ। ਮੈਂ ਜਾਣਦਾ ਸਾਂ ਕਿ ਗੱਲ ਵੀ ਉਹ ਸਾਡੀ ਕਰ ਰਹੀਆਂ ਸਨ। ਉਹ ਕੀ, ਪੂਰਾ ਸਟਾਫ਼ ਸਾਡੀਆਂ ਗੱਲਾਂ ਕਰਨ ਲੱਗਾ ਸੀ। ਬਲਕਰਨ ਕੋਲੋਂ ਮੈਨੂੰ ਐਸੀਆਂ ਗੱਲਾਂ ਪਤਾ ਲੱਗਦੀਆਂ ਰਹਿੰਦੀਆਂ। ਉਹਦੇ ਸਾਹਮਣੇ ਤਾਂ ਮੈਂ ਐਸੀਆਂ ਗੱਲਾਂ ਕਰਨ ਵਾਲਿਆਂ ਨੂੰ ਗਾਲ੍ਹਾਂ ਕੱਢਦਾ, ਪਰ ਅੰਦਰੋਂ ਜਿਵੇਂ ਚਾਅ ਜਿਹਾ ਚੜ੍ਹਦਾ। ਆਪਣੇ ਨਾਮ ਨਾਲ ਉਸਦਾ ਨਾਮ ਜੁੜਨਾ ਮੈਨੂੰ ਚੰਗਾ-ਚੰਗਾ ਲੱਗਦਾ। ਇਹ ਗੱਲ ਉਸ ਤੋਂ ਵੀ ਵੱਧ ਚੰਗੀ ਲੱਗਦੀ ਕਿ ਲੋਕਾਂ ਨੂੰ ਲੱਗਦਾ ਹੈ ਸਾਡੇ ਵਿਚਕਾਰ ਕੁਝ ਹੈ। ਮੈਂ ਸੋਚਦਾ, ਕਾਸ਼! ਇਹ ਅਫਵਾਹ ਸੱਚ ਹੋ ਜਾਵੇ। ...ਤੇ ਕਦੀ ਕਦੀ ਲੱਗਣ ਲੱਗਦਾ, ਸੱਚਮੁਚ ਹੈ ਸਾਡੇ ਵਿਚਾਲੇ ਕੁਝ। ਉਹਦੀਆਂ ਗੱਲਾਂ ਮੇਰਾ ਮਨ ਮੋਹ ਲੈਂਦੀਆਂ। ਮੇਰੀਆਂ ਗੱਲਾਂ ਦੀ ਉਹ ਕਾਇਲ ਹੋਈ ਰਹਿੰਦੀ। ਉਹ ਮੈਨੂੰ ਲੱਭਦੀ, ਮੈਂ ਉਹਨੂੰ ਲੱਭਦਾ। ਖਾਲੀ ਲੈਕਚਰ ਅਸੀਂ ਇਕੱਠਿਆਂ ਬਿਤਾਉਂਦੇ। ਮੇਲ ਸਟਾਫ਼ ਨਾਲ ਮੇਰਾ ਬਹਿਣ-ਉਠਣ ਛੁਟ ਗਿਆ। ਮਰਦ ਜਿਹੜੀਆਂ ਗੱਲਾਂ ਸਾਡੇ ਬਾਰੇ ਕਰਦੇ, ਉਹ ਗੱਲਾਂ ਮੈਨੂੰ ਬਲਕਰਨ ਸੁਣਾ ਦਿੰਦਾ।

"ਭਾਅ ਜਾਂ ਤਾਂ ਮੋਰਚਾ ਜਿੱਤ ਲੈ, ਨਹੀਂ ਫੋਕੀ ਤੋਏ-ਤੋਏ ਨਾ ਕਰਾ ਲਈਂ। ਸ਼ਹਿਨਾਈ ਵੱਜਣੀ ਨਹੀਂ, ਪਰ ਵਾਜਾ ਤੇਰਾ ਜ਼ਰੂਰ ਵੱਜ ਜਾਣਾ।" ਬਲਕਰਨ ਹੌਸਲਾ ਵੀ ਦੇ ਜਾਂਦਾ ਤੇ ਚਿੰਤਾ ਵਿੱਚ ਵੀ ਪਾ ਜਾਂਦਾ।

"ਗੁਰੂਦੇਵ ਇੱਕ ਚਿੰਤਾ ਆਣ ਪਈ ਹੈ।" ਕਿਸੇ ਛੁੱਟੀ ਵਾਲੇ ਦਿਨ ਉਹਦਾ ਫੋਨ ਆ ਗਿਆ। ਫੋਨ ਤਾਂ ਉਹਦਾ ਅਕਸਰ ਹੀ ਆਉਂਦਾ ਸੀ, ਪਰ ਚਿੰਤਾ ਵਾਲੀ ਗੱਲ ਨੇ ਮੈਨੂੰ ਚਿੰਤਾ ਵਿੱਚ ਪਾ ਦਿੱਤਾ ਸੀ।

"ਹਮ ਹੈ ਤੋਂ ਕਿਆ ਗ਼ਮ ਹੈ। ਦੱਸੋਂ ਜਨਾਬ ਹਰ ਚਿੰਤਾ ਹਰ ਲਵਾਂਗੇ।" ਮੈਂ ਬੜੇ ਚਾਅ ਨਾਲ ਆਖਿਆ ਸੀ।

"ਦਸ ਹਜ਼ਾਰ ਰੁਪਈਆਂ ਦੀ ਲੋੜ ਪੈ'ਗੀ ਬਸ।" ਆਖ ਕੇ ਜਿਵੇਂ ਉਹਨੇ ਆਪਣੀ ਚਿੰਤਾ ਦਾ ਪਹਾੜ ਮੇਰੇ ਉਤੇ ਲੱਦ ਦਿੱਤਾ। ਜਿੰਨੇ ਜੋਸ਼ ਨਾਲ ਮੈਂ ਡਾਇਲਾਗ ਮਾਰਿਆ ਸੀ, ਨਾਂਹ ਕਰਨ ਦਾ ਤਾਂ ਸਵਾਲ ਹੀ ਪੈਦਾ ਨਹੀਂ ਸੀ ਹੁੰਦਾ। ਪਲਾਂ ਵਿੱਚ ਮੈਂ ਸਾਰੀ ਜੋੜ-ਘਟਾਓ ਕਰ ਗਿਆ। ਦਸ ਹਜ਼ਾਰ ਉਹਨੂੰ

(ਬਾਕੀ ਅਗਲੇ ਸਫੇ ਉਤੇ)

# ਰੋਜ਼ ਡੇਅ

ਦੇ ਕੇ ਮੇਰਾ ਆਪਣਾ ਬਜ਼ਟ ਹਿੱਲ ਗਿਆ।

"ਸੱਚੀਂ ਤੁਹਾਡੇ ਤੋਂ ਹੀ ਆਸ ਸੀ। ਆਸ ਕਾਹਦੀ, ਇੱਕ ਮਾਣ ਜਿਹਾ ਲੱਗਦਾ ਸੀ ਕਿ ਮੈਂ ਗੁਰੂਦੇਵ ਕੋਲੋਂ ਮੰਗ ਲੈਣੇ ਪੈਸੇ।"

ਕਈ ਦਿਨ ਬੀਤ ਗਏ। ਦਿਨਾਂ ਦੇ ਮਹੀਨੇ ਬਣਨ ਲੱਗੇ, ਉਹਨੇ ਪੈਸਿਆਂ ਦੀ ਗੱਲ ਹੀ ਨਾ ਕੀਤੀ। ਮੈਂ ਮਨ ਵਿੱਚ ਕਈ ਬੁਣਤਾ ਬੁਣਦਾ ਰਿਹਾ। ਕਦੀ ਸੋਚਦਾ ਪੈਸਾ ਮੰਗ ਲਵਾਂ, ਕਦੀ ਲੱਗਦਾ ਉਹਨੇ ਆਪਣੇ ਆਪ ਮੋੜ ਦੇਣੇ। ਆਖਿਰ ਇਸੇ ਉਲਝਣ ਵਿੱਚ ਉਲਝੇ ਨੇ ਮੈਂ ਸੋਚ ਲਿਆ, ਪੈਸੇ ਮੰਗ ਹੀ ਲੈਂਦਾ ਹਾਂ। ਮੈਂ ਕਲਾਸ ਮੁਕਾ ਕੇ ਆਇਆ ਸਾਂ। ਸਾਹਮਣੇ ਉਹ ਬੈਠੀ ਸੀ। ਮੈਂ ਨਾਲ ਵਾਲੇ ਸੋਫੇ 'ਤੇ ਬਹਿ ਗਿਆ। ਪੈਸਿਆਂ ਦੀ ਗੱਲ ਕਰਨ ਲਈ ਮੂੰਹ ਖੋਲ੍ਹਣ ਹੀ ਲੱਗਾ ਸਾਂ ਕਿ ਉਹਨੇ ਆਪਣਾ ਏ. ਟੀ. ਐਮ. ਕਾਰਡ ਮੇਰੇ ਵੱਲ ਵਧਾਇਆ, "ਆਹ ਜੇਬ 'ਚ ਪਾ ਲਓ, ਹੁਣ ਕਿੱਥੇ ਪਰਸ ਵਿੱਚ ਪਾਉਣ ਜਾਵਾਂ।" ਮੈਂ ਕਾਰਡ ਜੇਬ ਵਿੱਚ ਪਇਆ ਤੇ ਆਪਣੀ ਗੱਲ ਅੰਦਰ ਹੀ ਦਬਾ ਲਈ। ਮੁੜ ਹਫ਼ਤਾ ਭਰ ਏ. ਟੀ. ਐਮ. ਮੇਰੇ ਕੋਲ ਪਿਆ ਰਿਹਾ। ਇੱਕ ਸ਼ਾਮ ਉਹਦਾ ਮੈਸੇਜ ਆਇਆ ਕਿ ਕੱਲ੍ਹ ਕਾਲਜ ਆਉਂਦਿਆਂ ਉਹਦੇ ਕਾਰਡ ਨਾਲ ਪੈਸੇ ਕਢਵਾਈ ਲਿਆਵਾਂ। ਨਾਲ ਏ. ਟੀ. ਐਮ. ਦਾ ਪਿੰਨ ਵੀ ਸੀ। ਮੈਂ ਜਾ ਕੇ ਕਾਰਡ ਤੇ ਪੈਸੇ ਉਹਦੇ ਅੱਗੇ ਕੀਤੇ। ਕਾਰਡ ਉਹਨੇ ਮੈਨੂੰ ਮੋੜ ਦਿੱਤਾ ਤੇ ਪੈਸੇ ਮੁੱਠੀ ਵਿੱਚ ਘੁੱਟ ਲਏ।

"ਆਹ ਤਾਂ ਤੁਸੀਂ ਰੱਖ ਲੋ। ਫੇਰ ਲੈ ਲਊਂਗੀ।" ਕਾਰਡ ਮੇਰੇ ਕੋਲ ਰਿਹਾ। ਉਹ ਪੈਸੇ ਦੱਸ ਦਿੰਦੀ, ਮੈਂ ਕਢਵਾ ਦਿੰਦਾ। ਮੈਂ ਹੋਰ ਤਰ੍ਹਾਂ ਦੀਆਂ ਫੀਲਿੰਗਾਂ ਚੱਕੀ ਜਾਂਦਾ। ਮਨ ਵਿੱਚ ਸੋਚਦਾ, ਨਵਰਾਜ ਸਿਆਂ! ਕਿਹੜਾ ਵੰਡਿਆਂ ਕੁਝ। ਭੁੱਲ ਜਾ ਦਸ ਹਜ਼ਾਰ ਨੂੰ। ਅਗਲੀ ਤਾਂ ਖਰਚੇ ਨੂੰ ਪੈਸੇ ਵੀ ਤੇਰੇ ਹੱਥੋਂ ਲੈਂਦੀ।

ਮੈਂ ਜਿਵੇਂ ਹਵਾ ਵਿੱਚ ਉਡਿਆ ਫਿਰਦਾ।

ਕਾਲਜ ਵਿੱਚ ਸਾਡੀ ਗੱਲ ਉੱਡੀ ਫਿਰਦੀ। ਮੈਂ ਇਸ ਉਡਦੀ ਗੱਲ ਦੀ ਗੱਲ ਰੋਜ਼ੀ ਨਾਲ ਕਰਦਾ। ਉਹ ਬੜੀ ਲਾਪਰਵਾਹੀ ਨਾਲ ਆਖਦੀ, "ਕੁਛ ਤੋਂ ਲੋਗ ਕਹੇਗੇ...! ਪਰਵਾਹ ਨਹੀਂ ਕਰਦੀ। ਆਓ ਆਪਾਂ ਕੌਫੀ ਪੀਂਦੇ ਆਂ, ਲੋਕਾਂ ਨੂੰ ਦਿਖਾ ਕੇ।" ਉਹਦੀ ਗੱਲ ਨਾਲ ਮੈਂ ਹੋਰ ਹੌਸਲੇ ਵਿੱਚ ਆ ਜਾਂਦਾ। ਮਨ ਵਿੱਚ ਸੋਚਦਾ, "ਨਵਰਾਜ ਸਿਆਂ! ਮਨ ਉਹਦੇ 'ਚ ਕੁਝ ਤਾਂ ਹੈ ਤੇਰੇ ਲਈ। ਐਂਵੇ ਕਿਹੜੀ ਕੁੜੀ ਦਾ ਬਦਨਾਮ ਹੋਣ ਨੂੰ ਜੀ ਕਰਦਾ?"

ਅਸੀਂ ਦੋਵੇਂ ਇੱਕ ਦੂਜੇ ਨਾਲ ਬਦਨਾਮ ਹੋਏ ਫਿਰਦੇ।

ਉਹ ਵਿਹਲਾ ਹਰ ਪਲ ਮੇਰੇ ਨਾਲ ਬਿਤਾਉਂਦੀ। ਮੈਡਮਾਂ ਇਸ ਗੱਲੋਂ ਔਖੀਆਂ ਹੁੰਦੀਆਂ। ਕੋਈ ਚਾਹ ਰੋਟੀ ਦਾ ਪੁੱਛਦੀ ਤਾਂ ਉਹ ਨਾਂਹ ਕਰ ਦਿੰਦੀ। ਕੋਲੋਂ ਕੋਈ ਦੂਜੀ ਟਿੱਚਰ ਕਰ ਜਾਂਦੀ, "ਅਗਲੀ ਆਪਣੇ ਨਾਲ ਚਾਹ ਪੀਂਦੀ ਭਲਾ?" ...ਤੇ ਰੋਜ਼ੀ ਉਸ ਤੋਂ ਵੀ ਵੱਧ ਕਰ ਦਿਖਾਉਂਦੀ, "ਹਾਂ! ਇਹ ਤਾਂ ਹੈ। ਇੱਕ ਕੰਮ ਕਰਿਓ, ਫਿਰ ਮੇਰੀ ਤੇ ਨਵਰਾਜ਼ ਸਰ ਦੀ ਚਾਹ ਦਾ ਸੁਨੇਹਾ ਵੀ ਲਾ ਦਿਓ ਕਨਟੀਨ 'ਤੇ।"

ਟਿੱਚਰ ਕਰਨ ਵਾਲਾ ਚਿੱਤ ਹੋ ਜਾਂਦਾ।

ਅਸੀਂ ਸਭ ਨੂੰ ਟਿੱਚ ਜਾਣਦੇ।

****

ਮੈਂ ਹੌਲੀ-ਹੌਲੀ ਮੋਹ ਮੁਹੱਬਤ ਦੀ ਗੱਲ ਕਰਨ ਲੱਗਿਆ। ਓਨੇ-ਬਹਾਨੇ ਉਹਦਾ ਮਨ ਪੜ੍ਹਨ ਦੀ ਕੋਸ਼ਿਸ਼ ਕਰਦਾ। ਉਹ ਵੀ ਜਦ ਕੋਈ ਕੋਲ ਨਾ ਹੁੰਦਾ 'ਸਰਕਾਰ-ਸਰਕਾਰ' ਕਰਦੀ ਫਿਰਦੀ। ਕਦੇ ਹਾਲ ਪੁੱਛਦਾ ਤਾਂ ਹੱਸ ਕੇ ਆਖਦੀ, ਹਾਲ ਤਾਂ ਤੁਹਾਡੇ ਨਾਲ ਨੇ। ਮੈਂ ਸੋਚਦਾ, ਮਨ ਵਿੱਚ 'ਕੁਝ' ਤਾਂ ਹੈ ਇਹਦੇ ਵੀ। ਪਰ ਖੁੱਲ੍ਹ ਕੇ ਕੁਝ ਵੀ ਕਹਿਣ ਤੋਂ ਡਰਦਾ। ਬਲਕਰਨ ਜਦ ਵੀ ਮਿਲਦਾ, ਆਖ ਦਿੰਦਾ, "ਇਹੋ ਜਿਹੀਆਂ ਆਪੇ ਰੌਲਾ ਪਾ ਦਿੰਦੀਆਂ ਹੁੰਦੀਆਂ...।"

ਮੇਰਾ ਚਿੱਤ ਕਰਦਾ, ਵੱਟਾ ਮਾਰ ਕੇ ਬਲਕਰਨ ਦਾ ਸਿਰ ਭੰਨ ਦਿਆਂ। ਉਹ ਜਦੋਂ ਵੀ ਰੋਜ਼ੀ ਬਾਰੇ ਕੁਝ ਮਾੜਾ ਆਖਦਾ, ਮੇਰਾ ਮੂਡ ਉੱਖੜ ਜਾਂਦਾ। ਮੈਂ ਸਭ ਗੱਲਾਂ ਭੁੱਲ ਕੇ ਆਪਣਾ ਧਿਆਨ ਮੁਹੱਬਤ ਦੀ ਗੱਲ ਵੱਲ ਲਾਉਂਦਾ।

****

ਫਰਵਰੀ ਦਾ ਮਹੀਨਾ ਸੀ। ਮੌਸਮ ਮਿੱਠਾ ਜਿਹਾ ਸੀ। ਕਿਸੇ-ਕਿਸੇ ਦਿਨ ਠੰਢ ਹੁੰਦੀ, ਕਦੇ ਕੜਾਕੇ ਦੀ ਧੁੱਪ ਲੱਗਦੀ। ਕਦੇ ਠੰਢੀ-ਠਾਰ ਹਵਾ ਚੱਲਦੀ। ਵੈਲਨਟਾਈਨ ਵੀਕ ਸ਼ੁਰੂ ਹੋ ਗਿਆ। ਮੈਂ ਮਨ ਵਿੱਚ ਸੋਚ ਲਿਆ, ਪਿਆਰ ਦੇ ਇਸ ਹਫ਼ਤੇ ਵਿੱਚ ਪਿਆਰ ਦੀ ਬਾਜ਼ੀ ਜਿੱਤ ਲੈਣੀ ਹੈ। ਮੈਂ ਉਹਦੇ ਅੱਗੇ ਇਜ਼ਹਾਰ ਕਰਨ ਦੀਆਂ ਵਿਉਂਤਾਂ ਬਣਾਉਂਦਾ। ਕਾਲਜ ਵਿੱਚ ਉਸ ਦਿਨ ਕੋਈ ਛੁੱਟੀ ਸੀ। ਰੋਜ਼ੀ ਦਾ ਸੁਨੇਹਾ ਆਇਆ। ਉਸਨੇ ਦੁਪਹਿਰ ਵੇਲੇ ਯੂ. ਟੀ. ਮਾਰਕੀਟ ਮਿਲਣ ਲਈ ਆਖਿਆ ਸੀ। ਮੈਂ ਉਚੇਚ ਨਾਲ ਤਿਆਰ ਹੋਇਆ। ਵਧੀਆ ਜਿਹਾ ਇਤਰ ਲਾ ਕੇ ਯੂ. ਟੀ. ਮਾਰਕੀਟ ਪਹੁੰਚ ਗਿਆ। ਉਹ ਮੂਹਰੇ ਖੜ੍ਹੀ ਸੀ। ਹੱਥ ਵਿੱਚ ਸੁਰਖ਼ ਗੁਲਾਬ ਲਈ। ਉਸਨੂੰ ਦੇਖ ਯਾਦ ਆਇਆ ਕਿ ਅੱਜ ਤਾਂ ਰੋਜ਼ ਡੇਅ ਹੈ। ਮਨ ਵਿੱਚ ਪਛਤਾਇਆ ਕਿ ਕਾਸ਼ ਮੈਂ ਵੀ ਉਸ ਲਈ ਗੁਲਾਬ ਲਈ ਆਉਂਦਾ।

ਅਸੀਂ ਇੱਕ ਬੈਂਚ ਉੱਪਰ ਬੈਠ ਗਏ।

"ਜਨਾਬ ਇੱਕ ਬੇਹੱਦ ਖ਼ਾਸ ਗੱਲ ਕਰਨੀ ਅੱਜ ਮੈਂ ਤੁਹਾਡੇ ਨਾਲ।" ਉਸਨੇ ਗਲਾ ਸਾਫ਼ ਕਰਦਿਆਂ ਆਖਿਆ।

ਮੈਂ ਮਨ ਹੀ ਮਨ ਮੁਸਕੁਰਾਇਆ। ਉਡੀਕ ਕਰਨ ਲੱਗਾ ਕਦੋਂ ਇਹ ਮਹਿਕਦਾ ਗੁਲਾਬ ਮੇਰੇ ਵੱਲ ਵਧੇਗਾ।

"ਤੁਸੀਂ ਕਲਾਕਾਰ ਹੋ। ਦੱਸੋ ਮੁਹੱਬਤ ਬਾਰੇ ਤੁਸੀਂ ਕੀ ਸੋਚਦੇ ਹੋ?" ਮੁਹੱਬਤ ਦਾ ਸਵਾਲ ਉਸਨੇ ਮੈਨੂੰ ਪਾ ਦਿੱਤਾ।

"ਮੇਰੇ ਲਈ ਤਾਂ ਮਹੁੱਬਤ ਦੁਨੀਆ ਦੀ ਸਭ ਤੋਂ ਵੱਡੀ ਚੀਜ਼ ਹੈ। ਅਹਿਸਾਸਾਂ ਦੀ ਸਾਂਝ। ਮਿੱਠਾ ਜਿਹਾ ਸਰੂਰ।" ਮੈਂ ਕੁਝ ਵਧੇਰੇ ਵਿਸ਼ੇਸ਼ਣ ਜੋੜ ਕੇ ਆਖ ਦਿੱਤਾ।

"ਮੇਰੇ ਲਈ ਵੀ ਇਹੀ ਹੈ ਮੁਹੱਬਤ ਦੀ ਪਰਿਭਾਸ਼ਾ। ਮੈਂ ਵੀ ਇਸ ਅਹਿਸਾਸ ਨੂੰ ਜਿਊਣਾ ਚਾਹੁੰਦੀ ਹਾਂ।" ਉਸ ਅੱਖਾਂ ਨੂੰ ਫੈਲਾਉਂਦਿਆਂ ਆਖਿਆ।

ਮੈਂ ਹੋਰ ਖੁਸ਼ ਹੋ ਗਿਆ, ਪਰ ਨਾਲ ਹੀ ਮਨ ਵਿੱਚ ਖ਼ੁਦ ਨੂੰ ਡਾਂਟਿਆ। ਆਖਿਆ, ਵੱਡਿਆ ਕਲਾਕਾਰਾ ਤੈਥੋਂ ਇਜ਼ਹਾਰ ਕਰ ਨਹੀਂ ਹੋਇਆ। ਕੁੜੀ ਦੇਖ'ਲਾ ਮੁਹੱਬਤ ਦੇ ਇਜ਼ਹਾਰ ਲਈ ਗੁਲਾਬ ਹੱਥ ਵਿੱਚ ਫੜੀ ਖੜ੍ਹੀ ਹੈ।

"ਤਾਂ ਰੋਕਿਆ ਕਿਸ ਨੇ ਜੀ ਲਓ। ਸੋਚਦੇ ਕੀ ਹੋ?"

"ਜਿਸ ਨਾਲ ਮੁਹੱਬਤ ਹੈ ਉਸਨੇ ਤਾਂ ਕਦੇ ਜਤਾਈ ਨਹੀਂ। ਦਿਲ ਟੁੱਟਣ ਤੋਂ ਡਰਦੀ ਹਾਂ।"

"ਹੋ ਸਕਦਾ ਹੈ ਉਹ ਸਾਹਮਣੇ ਵਾਲਾ ਬੱਸ ਕਹਿ ਹੀ ਨਾ ਪਾਉਂਦਾ ਹੋਵੇ। ਮੁਹੱਬਤ ਤਾਂ ਉਹ ਵੀ ਬੇਪਨਾਹ ਕਰਦਾ ਹੋਵੇ।" ਮੈਂ ਆਪਣੇ ਮਨ ਦੀ ਹਾਲਤ ਬਿਆਨ ਕਰਨ ਲੱਗਾ।

"ਮਤਲਬ ਇਹ ਕਿ ਹੁਣ ਇਜ਼ਹਾਰ ਕਰਨ ਦੀ ਹਿੰਮਤ ਵੀ ਮੈਂ ਕਰਾਂ।" ਉਹਨੇ ਡੂੰਘਾ ਸਾਹ ਲੈਂਦਿਆਂ ਆਖਿਆ।

"ਕਰ ਲਓ ਇਹ ਨਾ ਹੋਵੇ ਇਹ ਗੁਲਾਬ ਮੁਰਝਾ ਹੀ ਜਾਏ।" ਮੈਂ ਗੁਲਾਬ ਲੈਣ ਲਈ ਕਾਹਲਾ ਸਾਂ।

"ਹਾਂ ਕੀ ਪਤਾ, ਸਾਹਮਣੇ ਵਾਲੇ ਨੇ ਗੁਲਾਬ ਦੇਣਾ ਵੀ ਹੈ ਜਾਂ ਨਹੀਂ।" ਮੈਨੂੰ ਲੱਗਿਆ ਉਹਨੇ ਇਹ ਗੱਲ ਮੇਰੇ ਖਾਲੀ ਹੱਥਾਂ ਵੱਲ ਝਾਕ ਕੇ ਆਖੀ ਸੀ।

"ਚੱਲ ਇੱਕ ਪਹਿਲ ਤੁਸੀਂ ਕਰ ਲਓ। ਫੇਰ ਤਾਂ...।" ਮੈਂ ਅਜੇ ਗੱਲ ਅੱਧੀ ਹੀ ਕੀਤੀ ਸੀ। ਉਹ ਬੈਂਚ ਤੋਂ ਉਠੀ।

"ਤਾਂ ਫੇਰ ਗੁਰੂ ਜੀ ਤੁਸੀਂ ਫੜੋ ਵਿਸ਼ਾਲ ਕਾਲੋਨੀ ਦਾ ਆਟੋ। ਘਰ ਪਹੁੰਚੋ। ਉਹ ਆਉਣ ਵਾਲਾ। ਪ੍ਰੇਮ ਕਥਾ ਮੈਂ ਤੁਹਾਨੂੰ ਕੱਲ੍ਹ ਕਾਲਜ ਆ ਕੇ ਸੁਣਾਊ।" ਉਹ ਇੰਨੀ ਕਾਹਲ ਵਿੱਚ ਸੀ ਕਿ ਜਿਵੇਂ ਮੈਨੂੰ ਧੱਕ ਕੇ ਯੂ. ਟੀ. ਮਾਰਕੀਟ ਵਿੱਚੋਂ ਬਾਹਰ ਕੱਢ ਦੇਣਾ ਚਾਹੁੰਦਾ ਹੋਵੇ।

"ਕੌਣ ਆਉਣ ਵਾਲਾ? ਕਿਸਦੀ ਗੱਲ ਕਰਦੇ?"

"ਉਹੀ ਜਿਸ ਨਾਲ ਮੈਂ ਆਪਣੀ ਮੁਹੱਬਤ ਦਾ ਇਜ਼ਹਾਰ ਕਰਨਾ। ਇਹ ਗੁਲਾਬ ਜਿਸ ਗੇਂਦੇ ਨੂੰ ਦੇਣਾ, ਮੇਰੇ ਸਕੂਲ ਟਾਈਮ ਦਾ ਦੋਸਤ ਹੈ।" ਉਹ ਖਿੜ-ਖੜਾ ਕੇ ਹੱਸ ਪਈ।

"ਗੁਰੂਦੇਵ! ਹਰ ਔਖੀ ਘੜੀ 'ਚ ਤੁਸੀਂ ਹੀ ਮੇਰੀ ਬੇੜੀ ਕਿਨਾਰੇ ਲਾਉਂਦੇ ਹੋ। ਚਲੋ ਕੱਲ੍ਹ ਮਿਲਦੇ ਹਾਂ। ਕੌਫ਼ੀ ਪੀਵਾਂਗੇ ਇਸ ਰੋਜ਼ ਡੇਅ ਦੀ ਖੁਸ਼ੀ ਵਿੱਚ। ਨਾਲੇ ਦੱਸੂੰਗੀ, ਕੀ ਕਹਿੰਦਾ ਮੇਰਾ ਰਾਂਝਾ।" ਉਹਨੇ ਅੱਖ ਦੱਬ ਕੇ ਆਖਿਆ। ਮੈਂ ਫਿੱਕਾ ਜਿਹਾ ਹੱਸਿਆ। ਬਾਏ ਕਹਿ ਕੇ ਮੇਨ ਰੋਡ ਵੱਲ ਚੱਲ ਪਿਆ। ਬੇਧਿਆਨੀ ਵਿੱਚ ਪੈਰ ਪੱਥਰ ਨਾਲ ਟਕਰਾਇਆ। ਪੈਰ ਪੀੜ ਨਾਲ ਭਰ ਗਿਆ, ਪਰ ਮੈਂ ਪੀੜ ਦਬਾ ਕੇ ਅੱਗੇ ਤੁਰ ਪਿਆ।

# ਭਾਈ ਰਾਮ ਸਿੰਘ

ਲਈ। ਛੇ ਮਹੀਨੇ ਬੀਤ ਗਏ। ਕੰਮ ਦੀ ਸੂਖਮਤਾ ਦਾ ਸਭ ਨੂੰ ਫਿਕਰ ਸੀ ਤੇ ਰਾਮ ਸਿੰਘ ਪ੍ਰਾਜੈਕਟ ਦੀ ਜਾਨ ਸਨ। ਡੇਢ ਸਾਲ ਹੋਰ ਲੱਗ ਗਿਆ। ਮਾਰਚ 31, 1893 ਨੂੰ ਸਮਾਪਤੀ ਹੋਈ, ਸਵਾ ਦੋ ਸਾਲ।

60 ਬਾਈ 30 ਫੁੱਟ ਆਕਾਰ ਦਾ ਦਰਬਾਰ ਹਾਲ 20 ਫੁੱਟ ਉੱਚਾ ਸੀ। ਜੈਕਸਨ ਕੰਪਨੀ ਨੇ ਆਪਣਾ ਸਟੂਡੀਓ ਰਾਮ ਸਿੰਘ ਵਾਸਤੇ ਮਹਿਲ ਵਿੱਚ ਲੈ ਆਂਦਾ। ਕੰਪਨੀ ਨੂੰ 2250 ਪੌਂਡ ਲੇਬਰ ਦਾ ਖਰਚਾ ਦੇਣਾ ਕੀਤਾ ਸੀ, ਜੋ ਰਾਮ ਸਿੰਘ ਦੀਆਂ ਲੋੜਾਂ ਮੁਤਾਬਕ ਵਧਾਣਾ ਪਿਆ। ਫੈਸਲਾ ਹੋਇਆ ਕਿ ਫਾਇਰਪਲੇਸ ਦੀ ਚਿਮਨੀ ਪੈਲ ਪਾਉਂਦੇ ਮੋਰ ਤੋਂ ਸ਼ੁਰੂ ਕਰਕੇ ਉੱਪਰ ਵੱਲ ਵਧੇ। ਲੱਕੜ ਦਾ ਮੋਰ ਬਣਾਉਣ ਵਾਸਤੇ ਭਾਈ ਰਾਮ ਸਿੰਘ ਦੇ 500 ਘੰਟੇ ਖਰਚ ਹੋਏ। ਦਰਬਾਰ ਹਾਲ ਤਿਆਰ ਹੋ ਗਿਆ। ਅਜੇ ਕਿਹੜਾ ਕੰਮ ਮੁੱਕ ਗਿਆ! ਭਾਰਤੀ ਫਰਨੀਚਰ ਹੋਰ ਕੌਣ ਤਿਆਰ ਕਰੇ? ਇਸ ਵਾਸਤੇ ਵੀ ਰਾਮ ਸਿੰਘ ਚਾਹੀਦਾ ਸੀ। ਲੰਮਾ ਡਾਇਨਿੰਗ ਟੇਬਲ ਅਤੇ 36 ਕੁਰਸੀਆਂ ਤਿਆਰ ਕਰਨੀਆਂ ਸਨ, ਬੈਠਣ ਲਈ ਕੰਧਾਂ ਦੇ ਨਾਲ-ਨਾਲ ਕੁਰਸੀਆਂ, ਸੋਫੇ, ਸਾਈਡ ਟੇਬਲ।

ਰਾਮ ਸਿੰਘ ਦੇ ਹੱਥਾਂ ਰਾਹੀਂ ਭਾਰਤੀ ਹੁਨਰ ਯੂਰਪ ਵਿੱਚ ਪਹੁੰਚ ਗਿਆ। ਜਿਸ ਪਾਸੇ ਦਰਸ਼ਕਾਂ ਦੀਆਂ ਨਿਗਾਹਾਂ ਜਾਂਦੀਆਂ, ਉਥੇ ਹੀ ਜਮ ਜਾਂਦੀਆਂ। ਜਦੋਂ ਦਰਬਾਰ ਹਾਲ ਦਾ ਕੰਮ ਮੁਕੰਮਲ ਹੋਇਆ ਤਾਂ ਮਹਾਰਾਣੀ ਵਿਕਟੋਰੀਆ ਅਤੇ ਸ਼ਹਿਜਾਦੀ ਲੂਈ ਇਸ ਦੀ ਸ਼ਾਨ ਦੇਖ ਕੇ ਏਨੀਆਂ ਖੁਸ਼ ਹੋਈਆਂ ਕਿ ਉਨ੍ਹਾਂ ਨੇ ਸਤਿਕਾਰ ਵਜੋਂ ਭਾਈ ਰਾਮ ਸਿੰਘ ਦੇ ਹੱਥ ਚੁੰਮ ਲਏ।

ਭਾਈ ਰਾਮ ਸਿੰਘ ਦੀ ਕਲਾ ਤੋਂ ਖੁਸ਼ ਹੋ ਕੇ ਕੁਈਨ ਵਿਕਟੋਰੀਆ ਨੇ ਦਸਤਖਤ ਕਰਕੇ ਆਪਣੀ ਫੋਟੋ ਅਤੇ ਇੱਕ ਸੋਨੇ ਦਾ ਪੈਨਸਿਲ ਕੇਸ ਤੋਹਫੇ ਵਜੋਂ ਭਾਈ ਰਾਮ ਸਿੰਘ ਨੂੰ ਦਿੱਤਾ। ਕੁਈਨ ਵਿਕਟੋਰੀਆ ਨੇ ਆਪਣੇ ਦਰਬਾਰੀ ਕਲਾਕਾਰ, ਆਸਟ੍ਰੀਆ, ਰੁਦੋਲਫ ਸਵੋਬੋਡਾ ਨੂੰ ਭਾਈ ਰਾਮ ਸਿੰਘ ਦੀ ਤਸਵੀਰ ਨੂੰ ਚਿੱਤ੍ਰਿਤ ਕਰਨ ਲਈ ਕਿਹਾ, ਜਿਸ ਨੇ ਸ. ਰਾਮ ਸਿੰਘ ਦਾ ਇੱਕ ਚਿੱਤਰ ਬਣਾਇਆ, ਜੋ ਅੱਜ ਵੀ ਉਸ ਦਰਬਾਰ ਹਾਲ ਵਿੱਚ ਲੱਗਾ ਹੋਇਆ ਹੈ।

ਇੱਕ ਵਾਰ ਪੰਜਾਬ ਦੇ ਗਵਰਨ ਨੇ ਭਾਈ ਰਾਮ ਸਿੰਘ ਨੂੰ ਕਲਾ ਦਾ ਇੱਕ ਉੱਤਮ ਨਮੂਨਾ ਤਿਆਰ ਕਰਨ ਲਈ ਕਿਹਾ। ਭਾਈ ਰਾਮ ਸਿੰਘ ਨੇ 'ਤਖਤ-ਏ-ਤਾਊਸ' ਦਾ ਨਿਰਮਾਣ ਕੀਤਾ, ਜਿਸ ਦੇ 6 ਹਿੱਸੇ ਸਨ। ਗਵਰਨਰ ਨੇ ਕਲਾ ਦਾ ਇਹ ਨਮੂਨਾ ਕੁਈਨ ਵਿਕਟੋਰੀਆ ਕੋਲ ਇੰਗਲੈਂਡ ਭੇਜਿਆ, ਪਰ ਉਥੇ ਕੋਈ ਵੀ ਇਨ੍ਹਾਂ 6 ਭਾਗਾਂ ਨੂੰ ਫਿੱਟ ਨਾ ਕਰ ਸਕਿਆ। ਅਖੀਰ ਭਾਈ ਰਾਮ ਸਿੰਘ ਖ਼ੁਦ ਇੰਗਲੈਂਡ ਜਾ ਕੇ 'ਤਖਤ-ਏ-ਤਾਊਸ' ਦੇ 6 ਭਾਗਾਂ ਨੂੰ ਆਪਸ ਵਿੱਚ ਜੋੜ ਕੇ ਆਏ। ਇਸ ਤੋਂ ਇਲਾਵਾ ਭਾਈ ਰਾਮ ਸਿੰਘ ਨੇ ਲੇਖ ਦੇ ਸ਼ੁਰੂ ਵਿੱਚ ਦੱਸੀਆਂ ਮਹਾਨ ਵਿਰਾਸਤੀ ਇਮਾਰਤਾਂ ਦੀ ਸਿਰਜਣਾ ਵੀ ਕੀਤੀ।

1886 ਵਿੱਚ ਇੰਡੋ ਕੋਲੋਨੀਅਲ ਨੁਮਾਇਸ਼ ਲੰਡਨ ਵਿੱਚ, 1888 'ਚ ਗਲਾਸਗੋ ਵਿੱਚ ਅਤੇ 1889 'ਚ ਬੰਬੇ ਵਿੱਚ ਕਲਾ ਦੀਆਂ ਨੁਮਾਇਸ਼ ਲੱਗੀਆਂ, ਜਿੱਥੇ ਭਾਰਤ ਦੀ ਨੁਮਾਇੰਦਗੀ ਭਾਈ ਰਾਮ ਸਿੰਘ ਨੇ ਕੀਤੀ। ਉਹ ਹਰ ਥਾਂ 250 ਫੁੱਟ ਦਾ ਲੱਕੜ ਦਾ ਪਰਦਾ ਲਿਜਾਂਦੇ, ਜਿਸ ਉੱਪਰ ਉਨ੍ਹਾਂ ਖ਼ੁਦ ਖੁਣਾਈ ਕੀਤੀ ਹੋਈ ਸੀ, ਫੁੱਲ ਬੂਟਿਆਂ ਦੇ ਬਾਗ ਵਿੱਚ ਪਸ਼ੂ ਪੰਛੀ, ਪੈਲਾਂ ਪਾਉਂਦੇ ਮੋਰ ਉਕਰ ਹੋਏ ਸਨ। ਦਿੱਲੀ ਆਰਟ ਐਗਜ਼ੀਬੀਸ਼ਨ 1903 ਵਿੱਚ ਲੱਗੀ, ਭਾਈ ਰਾਮ ਸਿੰਘ ਦੀਆਂ ਲੱਕੜ ਵਿੱਚ ਖੁਣੀਆਂ ਵਸਤਾਂ ਦਸ ਹਜ਼ਾਰ ਰੁਪਏ ਦੀਆਂ ਵਿਕੀਆਂ। ਟਾਹਲੀ ਦੀ ਲੱਕੜ ਉੱਪਰ ਖੁਣਾਈ ਕੀਤਾ ਬੋਰਡ ਪੰਜ ਰੁਪਏ ਨੂੰ ਵਿਕਿਆ ਤੇ ਉਨ੍ਹਾਂ ਸਿਲਵਰ ਮੈਡਲ ਜਿੱਤਿਆ। ਐਡਵਰਡ ਅੱਠਵੇਂ ਦੀ ਤਾਜਪੋਸ਼ੀ ਦੇ ਜਸ਼ਨ ਮਨਾਉਣ ਲਈ 1905 ਵਿੱਚ ਦਿੱਲੀ ਦਰਬਾਰ ਹੋਣਾ ਤੈਅ ਹੋਇਆ। ਇਸ ਵਿੱਚ ਲੱਗਣ ਵਾਲੀ ਨੁਮਾਇਸ਼ ਦਾ ਪ੍ਰਬੰਧ ਭਾਈ ਰਾਮ ਸਿੰਘ ਨੂੰ ਸੌਂਪਿਆ, ਜੋ ਉਸ ਨੇ ਬਾਖ਼ੂਬੀ ਨਿਭਾਇਆ।

ਭਾਈ ਰਾਮ ਸਿੰਘ ਨੂੰ 25 ਸਤੰਬਰ 1910 ਨੂੰ ਪ੍ਰਿੰਸੀਪਲ ਨਿਯੁਕਤ ਕੀਤਾ ਗਿਆ ਸੀ ਅਤੇ 38 ਸਾਲਾਂ ਲਈ ਮੇਓ ਸਕੂਲ ਆਫ਼ ਆਰਟਸ ਵਿਖੇ ਰਹਿਣ ਤੋਂ ਬਾਅਦ ਅਕਤੂਬਰ 1913 ਵਿਚ ਸੇਵਾ ਮੁਕਤ ਹੋ ਗਏ। ਇਹ ਵਰਣਨਯੋਗ ਹੈ ਕਿ ਇੱਕ ਸਿੱਖ, ਜਿਸ ਦੀ ਕੋਈ ਰਸਮੀ ਯੋਗਤਾ ਨਹੀਂ ਹੈ, ਨੂੰ ਬ੍ਰਿਟਿਸ਼ ਰਾਜ ਦੁਆਰਾ ਇੱਕ ਮਸ਼ਹੂਰ ਕਲਾ ਸੰਸਥਾ ਦਾ ਪ੍ਰਿੰਸੀਪਲ ਨਿਯੁਕਤ ਕੀਤਾ ਗਿਆ ਸੀ ਅਤੇ ਇੱਕ ਅੰਗਰੇਜ਼ ਨੂੰ ਦੋ ਨੰਬਰ 'ਤੇ ਰੱਖਿਆ ਗਿਆ ਸੀ।

ਭਾਈ ਰਾਮ ਸਿੰਘ ਦੇ ਪੰਜ ਬੇਟੇ ਤੇ ਦੋ ਧੀਆਂ ਸਨ। ਚੌਥਾ ਬੇਟਾ ਸੁਖਚਰਨ ਸਿੰਘ ਮੇਓ ਸਕੂਲ ਵਿੱਚ ਪੜ੍ਹਿਆ ਤੇ ਅੰਮ੍ਰਿਤਸਰ ਦਾ ਮਸ਼ਹੂਰ ਚਿੱਤਰਕਾਰ ਰਿਹਾ; ਦੂਜਾ ਸੁਲੱਖਣ ਸਿੰਘ, ਇੰਜੀਨੀਅਰਿੰਗ ਕਰਕੇ ਗਲਾਸਗੋ ਚਲਾ ਗਿਆ। ਸਭ ਤੋਂ ਵੱਡਾ ਮੱਖਣ ਸਿੰਘ ਪਿਤਾ ਨਾਲ ਕੰਮ ਕਰਦਾ। ਸਾਲ 1916 ਵਿੱਚ ਰਿਟਾਇਰਮੈਂਟ ਤੋਂ ਤਿੰਨ ਸਾਲ ਬਾਅਦ 58 ਸਾਲ ਦੀ ਉਮਰ ਵਿੱਚ ਆਪਣੀ ਧੀ ਦੇ ਘਰ ਦਿੱਲੀ ਵਿੱਚ ਉਨ੍ਹਾਂ ਦਾ ਦੇਹਾਂਤ ਹੋਇਆ।

ਭਾਵੇਂ ਭਾਈ ਰਾਮ ਸਿੰਘ ਨੂੰ ਗੁਜ਼ਰੇ ਹੋਏ ਇੱਕ ਸਦੀ ਤੋਂ ਵੱਧ ਦਾ ਸਮਾਂ ਹੋ ਗਿਆ ਹੈ, ਪਰ ਉਨ੍ਹਾਂ ਦੁਆਰਾ ਰਚੀਆਂ ਗਈਆਂ ਕ੍ਰਿਤਾਂ ਅੱਜ ਵੀ ਅਡੋਲ ਖੜ੍ਹੀਆਂ ਹਨ। ਭਾਈ ਰਾਮ ਸਿੰਘ ਦੀ ਕਲਾ ਏਨੀ ਬੁਲੰਦ ਸੀ ਕਿ ਸ਼ਬਦਾਂ ਵਿੱਚ ਉਸ ਨੂੰ ਬਿਆਨ ਨਹੀਂ ਕੀਤਾ ਜਾ ਸਕਦਾ। ਭਾਈ ਰਾਮ ਸਿੰਘ ਦੀ ਮਹਾਨ ਕਲਾ ਤੋਂ ਭਾਵੇਂ ਉਸ ਦੇ ਆਪਣੇ ਹੀ ਜਾਣੂੰ ਨਾ ਹੋਣ, ਪਰ ਦੁਨੀਆਂ ਇਸ ਸਰਦਾਰ ਦੀ ਕਲਾ ਦਾ ਲੋਹਾ ਅੱਜ ਵੀ ਮੰਨ ਰਹੀ ਹੈ।

# ਬੰਦਾ ਸਿੰਘ ਬਹਾਦਰ

ਫਤਹਿ ਸ਼ਾਹਿ ਸ਼ਾਹਾਨ ਗੋਬਿੰਦ ਸਿੰਘ ਦੀ,  
ਮਿਹਰਾਂ ਕੀਤੀਆਂ ਸੱਚੇ ਰੱਬ ਏਕ ਨੇ ਜੀ।

ਬਾਦਸ਼ਾਹੀ ਸਿੱਕਿਆਂ ਦੀ ਤਰ੍ਹਾਂ ਇਸ ਦੇ ਪਿਛਲੇ ਪਾਸੇ ਰਾਜਧਾਨੀ ਦੀ ਉਸਤਿਤ ਦੇ ਇਹ ਸ਼ਬਦ ਸਨ:

ਜਰਬ ਬ-ਅਮਾਨੁ-ਦਹਿਰ, ਮੁੱਸਵਰਤ ਸ਼ਹਿਰ, ਜੀਨਤੁ-ਤਖਤੁ, ਮੁਬਾਰਕ ਬਖਤ।

ਅਰਥਾਤ ਜਾਰੀ ਹੋਇਆ ਸੰਸਾਰ ਦੇ ਸ਼ਾਂਤੀ ਅਸਥਾਨ, ਸ਼ਹਿਰਾਂ ਦੀ ਮੂਰਤਿ, ਧੰਨਭਾਗੀ ਰਾਜਧਾਨੀ ਤੋਂ।

ਬਾਬਾ ਬੰਦਾ ਸਿੰਘ ਬਹਾਦਰ ਨੇ ਸ੍ਰਦਾਰੀ ਦਸਤਾਵੇਜ਼, ਸਨਦਾਂ, ਪ੍ਰਵਾਨਿਆਂ ਆਦਿ ਲਈ ਮੋਹਰ ਬਣਵਾਈ, ਜਿਥੇ ਕਿਥੇ ਮੋਹਰ ਲੱਗੀ, ਮੋਹਰ ਦੇ ਸ਼ਬਦ ਇਹ ਸਨ:

ਦੇਗੋ ਤੇਗੋ ਫ਼ਤਹਿ ਓ ਨੁਸਰਤਿ ਬੇ-ਦਿਰੰਗ  
ਯਾਫਤ ਅਜ ਨਾਨਕ ਗੁਰੂ ਗੋਬਿੰਦ ਸਿੰਘ

ਅਰਥਾਤ ਦੇਗ ਤੇਗ ਜਿੱਤ ਸੇਵ ਨਿਰਾਲਮ, ਗੁਰੂ ਨਾਨਕ-ਗੋਬਿੰਦ ਸਿੰਘ ਤੋਂ ਪਾਈ।

(ਦੇਖੋ ਪੁਸਤਕ 'ਬੰਦਾ ਸਿੰਘ ਬਹਾਦਰ' ਰਚਨਾ ਡਾ. ਗੰਡਾ ਸਿੰਘ, ਪੰਨਾ 59-60)

ਉਹ ਰਾਜ ਦੀ ਪ੍ਰਾਪਤੀ ਵਾਹਿਗੁਰੂ ਦੀ ਮਿਹਰ ਨਾਲ ਗੁਰੂ ਨਾਨਕ ਤੇ ਗੁਰੂ ਗੋਬਿੰਦ ਸਿੰਘ ਦੀ ਬਖਸ਼ਿਸ਼ ਮੰਨਦਾ ਹੈ ਤੇ ਆਪ ਦੇਗ ਤੇ ਤੇਗ਼ ਰਾਹੀਂ ਸਿਰਫ ਸੇਵਾਦਾਰ ਹੈ। ਉਸ ਲਈ ਬਖਸ਼ਿਸ਼ ਗੁਰੂ ਨਾਨਕ ਦੀ ਹੈ, ਫਤਹਿ ਗੁਰੂ ਗੋਬਿੰਦ ਦੀ ਤੇ ਪਾਤਸ਼ਾਹੀ ਅਕਾਲ ਪੁਰਖ ਦੀ ਹੈ।

ਜਿੱਤਾਂ ਦਾ ਸਿਲਸਿਲਾ ਜਾਰੀ ਰੱਖਦਿਆਂ ਬੰਦਾ ਬਹਾਦਰ ਨੇ ਜੁਲਾਈ 1710 ਈ: ਵਿਚ ਗੰਗਾ ਤੇ ਜਮਨਾ ਦੇ ਮੈਦਾਨੀ ਇਲਾਕਿਆਂ 'ਤੇ ਕਬਜਾ ਕਰ ਲਿਆ। ਮਾਝੇ ਤੇ ਦੁਆਬੇ ਦੇ ਸਿੱਖ ਉਠ ਖੜ੍ਹੇ ਹੋਏ। ਅਕਤੂਬਰ 1710 ਈ: ਤੱਕ ਕਿਲ੍ਹਾ ਭਗਵੰਤ ਰਾਏ ਤੇ ਭੀਲੋਵਾਲ ਵੀ ਸਿੱਖ ਫੌਜਾਂ ਦੇ ਕਬਜ਼ੇ ਵਿਚ ਆ ਗਏ। ਸਿੱਖਾਂ ਦੀ ਚੜ੍ਹਤ ਨੇ ਹਿੰਦੋਸਤਾਨ ਦੇ ਬਾਦਸ਼ਾਹ ਬਹਾਦਰ ਸ਼ਾਹ ਨੂੰ ਭੈਅਭੀਤ ਕਰ ਦਿੱਤਾ। ਉਸ ਨੇ ਸਿੱਖਾਂ ਕੋਲੋਂ ਜਿਤਿਆ ਹੋਇਆ ਇਲਾਕਾ ਲੈਣ ਲਈ ਆਪ ਪੰਜਾਬ ਵੱਲ ਕੂਚ ਕੀਤਾ। ਹਾਲਾਤ ਅਨੁਸਾਰ ਸਿੱਖਾਂ ਨੂੰ ਪਿਛੇ ਹਟਣਾ ਪਿਆ ਤੇ ਉਹ ਪਹਾੜਾਂ ਵੱਲ ਨਿਕਲ ਗਿਆ। ਇਸੇ ਦੌਰਾਨ ਪੰਥ ਦੋਖੀ ਪਹਾੜੀ ਰਾਜੇ ਭੀਮ ਚੰਦ ਨੂੰ ਜਾ ਸੋਧਿਆ। 18 ਫਰਵਰੀ 1712 ਨੂੰ ਬਹਾਦਰ ਸ਼ਾਹ ਦੀ ਮੌਤ ਹੋ ਗਈ। ਦਿੱਲੀ ਦਾ ਬਾਦਸ਼ਾਹ ਫਰੁਖਸੀਅਰ ਇੱਕ ਕਮਜ਼ੋਰ ਬਾਦਸ਼ਾਹ ਸੀ, ਇਸ ਮੌਕੇ 'ਤੇ ਲਾਭ ਉਠਾਇਆ ਬੰਦਾ ਸਿੰਘ ਨੇ ਮੁੜ ਆਪਣੀ ਤਾਕਤ ਨੂੰ ਸੰਗਠਿਤ ਕੀਤਾ ਤੇ ਕਈ ਇਲਾਕਿਆਂ 'ਤੇ ਕਬਜ਼ਾ ਕਰ ਲਿਆ। 1712 ਈ: ਨੂੰ ਸਰਹਿੰਦ ਤੇ ਲੋਹਗੜ੍ਹ ਫਿਰ ਜਿੱਤ ਲਏ। ਬਟਾਲਾ ਤੇ ਕਲਾਨੌਰ ਨੂੰ ਜਿੱਤ ਕੇ ਸਮਸ਼ ਖਾਨ ਨੂੰ ਮਾਰ ਮੁਕਾਇਆ। ਅੰਤ ਗੁਰਦਾਸ ਨੰਗਲ ਦੀ ਕੱਚੀ ਗੜ੍ਹੀ ਵਿਚ ਬੰਦਾ ਸਿੰਘ ਤੇ ਕਈ ਹੋਰ ਸਿੰਘ ਮੁਗਲ ਫੌਜ ਦੇ ਘੇਰੇ ਵਿਚ ਆ ਗਏ। ਇਹ ਘੇਰਾ ਲੰਬਾ ਸਮਾਂ ਭਾਵ ਅੱਠ ਮਹੀਨੇ ਜਾਰੀ ਰਿਹਾ। ਘੇਰਾ ਲੰਬਾ ਹੋਣ ਕਾਰਨ ਰਾਸ਼ਨ ਦੀ ਕਮੀ ਹੋਣ ਲੱਗੀ। ਸਿਪਾਹੀ ਭੁੱਖ ਤੇ ਪਿਆਸ ਨਾਲ ਮਰਨ ਲੱਗੇ।

ਉਂਝ ਤਾਂ ਸਾਰਾ ਇਤਿਹਾਸ ਹੀ ਸ਼ਹੀਦੀਆਂ ਨਾਲ ਭਰਿਆ ਪਿਆ ਹੈ, ਪਰ ਬੰਦਾ ਸਿੰਘ ਬਹਾਦਰ ਦੀ ਸ਼ਹੀਦੀ ਸਿੱਖ ਇਤਿਹਾਸ ਵਿਚ ਹੀ ਨਹੀਂ, ਸਗੋਂ ਸੰਸਾਰ ਦੇ ਸਮੁੱਚੇ ਇਤਿਹਾਸ ਵਿਚ ਹੀ ਲੂੰ-ਕੰਡੇ ਖੜ੍ਹੇ ਕਰਨ ਵਾਲੀ ਸ਼ਹੀਦੀ ਹੈ। ਬੰਦਾ ਬਹਾਦਰ ਨੂੰ 800 ਸਾਥੀਆਂ ਸਮੇਤ ਗ੍ਰਿਫਤਾਰ ਕਰ ਲਿਆ ਗਿਆ। ਫਿਰ ਪਿੰਜਰੇ ਵਿਚ ਬੰਦ ਕਰਕੇ ਦਿੱਲੀ ਲਿਜਾਇਆ ਗਿਆ। 15 ਮਾਰਚ 1716 ਨੂੰ ਸਿੱਖ ਕੈਦੀਆ ਦਾ ਕਤਲੇਆਮ ਸ਼ੁਰੂ ਹੋਇਆ। ਕਰੀਬ 100 ਸਿੱਖਾਂ ਨੂੰ ਰੋਜ਼ ਕਤਲ ਕੀਤਾ ਜਾਂਦਾ, ਸਿੱਖ ਅਜਿਤ ਭਾਵਨਾ ਨਾਲ ਮੌਤ ਨੂੰ ਜੀ ਆਇਆ ਕਹਿੰਦੇ, ਖਿੜ੍ਹੇ ਚਿਹਰੇ ਨਾਲ ਜਲਾਦ ਨੂੰ ਸੀਸ ਭੇਂਟ ਕਰਦੇ। ਕਰੀਬ ਤਿੰਨ ਮਹੀਨੇ ਬਾਅਦ 9 ਜੂਨ 1716 ਈ ਨੂੰ ਬਾਬਾ ਬੰਦਾ ਸਿੰਘ ਬਹਾਦਰ ਅਤੇ ਉਨ੍ਹਾਂ ਦੇ ਸਾਥੀਆਂ ਨੂੰ ਕਿਲ੍ਹੇ ਤੋਂ ਬਾਹਰ ਲਿਆਂਦਾ ਗਿਆ ਤੇ ਜਲੂਸ ਦੀ ਸ਼ਕਲ ਵਿਚ ਕੁਤਬ ਮੀਨਾਰ ਦੇ ਨੇੜੇ ਖਵਾਜਾ ਕੁਤਬਦੀਨ ਬਖਤਿਆਰ ਕਾਕੀ ਦੇ ਰੋਜੇ ਪਾਸ ਪਹੁੰਚਾਇਆ ਗਿਆ। ਬਹੁਤ ਸਾਰੇ ਚਸ਼ਮਦੀਦ ਗਵਾਹਾਂ ਅਨੁਸਾਰ ਬੰਦੇ ਦੀ ਸ਼ਹਾਦਤ ਇਸ ਤਰ੍ਹਾਂ ਹੋਈ: ਬੰਦਾ ਸਿੰਘ ਬਹਾਦਰ ਨੂੰ ਸ਼ਹੀਦੀ ਜ਼ਾਮ ਪਿਲਾਉਣ ਤੋਂ ਪਹਿਲਾਂ ਉਸਦੇ ਪੁੱਤਰ ਅਜੈ ਸਿੰਘ ਨੂੰ ਕਤਲ ਕਰਕੇ ਉਸ ਦਾ ਧੜਕਦਾ ਦਿਲ ਉਸ ਦੇ ਮੂੰਹ ਵਿਚ ਤੁੰਨਿਆ ਗਿਆ। ਫਿਰ ਜੱਲਾਦ ਨੇ ਉਨ੍ਹਾਂ ਦੀਆਂ ਅੱਖਾਂ ਕੱਢੀਆਂ, ਹੱਥ ਪੈਰ ਕੱਟੇ ਗਏ, ਲਾਲ ਭਖਦੇ ਜੰਬੂਰਾਂ ਨਾਲ ਸਰੀਰ ਤੋਂ ਮਾਸ ਨੋਚਿਆ ਗਿਆ ਅਤੇ ਅੰਤ ਵਿੱਚ ਸਿਰ ਤੇ ਧੜ ਨੂੰ ਅਲੱਗ ਕਰਕੇ ਟੁਕੜੇ-ਟੁਕੜੇ ਕਰ ਦਿੱਤੇ ਗਏ। ਜਿਥੇ ਉਹ ਸਿੱਖਾਂ ਦਾ ਮਹਾਨ ਹੁਕਮਰਾਨ ਸੀ, ਉਥੇ ਉਹ ਸਿੱਖਾਂ ਦਾ 'ਸ਼੍ਰੋਮਣੀ ਸ਼ਹੀਦ' ਵੀ ਹੋ ਨਿਬੜਿਆ।


ਬਾਬਾ ਬੰਦਾ ਸਿੰਘ ਬਹਾਦਰ ਦੀ ਪੰਜਾਬ ਤੇ ਖਾਸ ਕਰ ਸਿੱਖਾਂ ਨੂੰ ਬਹੁਤ ਵੱਡੀ ਦੇਣ ਹੈ। ਉਸਦਾ ਪਹਿਲਾ ਕੰਮ ਸਿਰਲੱਥ ਖਾਲਸਾ ਨੂੰ ਸੰਗਠਿਤ ਕਰਕੇ ਆਜ਼ਾਦ ਲੋਕ ਰਾਜ ਦੀ ਸਥਾਪਨਾ ਕੀਤੀ। ਫੌਜੀ ਜਰਨੈਲ ਦੇ ਤੌਰ 'ਤੇ ਬੰਦਾ ਬਹਾਦਰ ਦਾ ਕੋਈ ਵੀ ਟਾਕਰਾ ਨਹੀਂ ਸੀ। ਇਹ ਪਹਿਲੀ ਵਾਰ ਸੀ ਕਿ ਬੰਦਾ ਬਹਾਦਰ ਦੀ ਰਹਿਨੁਮਾਈ ਹੇਠ ਪੰਜਾਬ ਦੇ ਦਬੇ ਕੁਚਲੇ ਲੋਕਾਂ ਨੇ ਆਜ਼ਾਦੀ ਦਾ ਅਨੰਦ ਮਾਣਿਆ। ਉਸਨੇ ਹਮੇਸ਼ਾ ਲਈ ਸਿੱਖ ਕੌਮ ਅੰਦਰ ਆਜ਼ਾਦੀ ਦੀ ਚਿਣਗ ਲਾ ਦਿੱਤੀ, ਜੋ ਪਿੱਛੋਂ ਜਾ ਕੇ ਰਾਜਾਂ ਦੀ ਪ੍ਰਾਪਤੀ ਲਈ ਸੰਘਰਸ਼ ਦਾ ਕਾਰਨ ਬਣੀ।

# ਗਿਆਨੀ ਜ਼ੈਲ ਸਿੰਘ ਨੇ ਅਸਤੀਫਾ ਕਿਉਂ ਨਾ ਦਿੱਤਾ?

**ਉਜਾਗਰ ਸਿੰਘ***
**ਫੋਨ: 91-94178-13072**
ujagarisngh48@yahoo.com



ਪੰਜਾਬੀਆਂ ਅਤੇ ਖਾਸ ਤੌਰ 'ਤੇ ਸਿੱਖਾਂ ਦੇ ਦਿਮਾਗ ਵਿੱਚ ਇਕ ਸਵਾਲ ਵਾਰ ਵਾਰ ਦਸਤਕ ਦੇ ਰਿਹਾ ਹੈ ਕਿ ਗਿਆਨੀ ਜ਼ੈਲ ਸਿੰਘ ਸਿੱਖੀ ਵਿਚਾਰਧਾਰਾ ਨੂੰ ਪ੍ਰਣਾਏ ਹੋਣ ਦੇ ਬਾਵਜੂਦ, ਉਨ੍ਹਾਂ ਸ਼੍ਰੀ ਹਰਿਮੰਦਰ ਸਾਹਿਬ ਵਿੱਚ ਬਲਿਊ ਸਟਾਰ ਅਪ੍ਰੇਸ਼ਨ ਅਤੇ ਦਿੱਲੀ ਤੇ ਦੇਸ਼ ਦੇ ਹੋਰ ਸ਼ਹਿਰਾਂ ਵਿੱਚ ਹੋਏ ਕਤਲੇਆਮ ਤੋਂ ਬਾਅਦ ਰਾਸ਼ਟਰਪਤੀ ਦੇ ਅਹੁਦੇ ਤੋਂ ਅਸਤੀਫ਼ਾ ਕਿਉਂ ਨਹੀਂ ਦਿੱਤਾ? ਗਿਆਨੀ ਜ਼ੈਲ ਸਿੰਘ ਰਾਸ਼ਟਰਪਤੀ ਹੋਣ ਦੇ ਨਾਤੇ ਭਾਰਤੀ ਫ਼ੌਜਾਂ ਦੇ ਕਮਾਂਡਰ-ਇਨ-ਚੀਫ਼ ਸਨ। ਉਨ੍ਹਾਂ ਦੇ ਸਵਰਗਵਾਸ ਹੋਣ ਤੋਂ 28 ਸਾਲ ਬਾਅਦ ਵੀ ਸ਼੍ਰੀ ਹਰਿਮੰਦਰ ਸਾਹਿਬ ਵਿੱਚ ਬਲਿਊ ਸਟਾਰ ਅਪ੍ਰੇਸ਼ਨ ਕਰਨ ਸਮੇਂ ਫ਼ੌਜ ਨੂੰ ਅੰਦਰ ਦਾਖ਼ਲ ਹੋਣ ਦੀ ਇਜ਼ਾਜ਼ਤ ਦੇਣਾ ਇਕ ਗੁੰਝਲਦਾਰ ਬੁਝਾਰਤ ਬਣੀ ਹੋਈ ਹੈ। ਪੰਜਾਬ ਦੇ ਲੋਕ, ਖਾਸ ਤੌਰ 'ਤੇ ਸਿੱਖ ਜਗਤ ਅਜੇ ਤੱਕ ਇਸ ਗੱਲ ਤੋਂ ਹੈਰਾਨ ਹੈ ਕਿ ਗਿਆਨੀ ਜ਼ੈਲ ਸਿੰਘ ਨੇ ਬਲਿਊ ਸਟਾਰ ਅਪ੍ਰੇਸ਼ਨ ਦੌਰਾਨ ਸ਼ਹੀਦ ਕੀਤੀ ਗਈ ਸੰਗਤ, ਪੰਜਾਬ ਦੇ ਸਾਰੇ ਗੁਰਦਆਰਿਆਂ ਵਿੱਚ ਪੁਲਿਸ ਦੇ ਦਾਖ਼ਲ ਹੋਣ ਅਤੇ ਸ਼੍ਰੀਮਤੀ ਇੰਦਰਾ ਗਾਂਧੀ ਦੇ ਕਤਲ, ਦਿੱਲੀ ਤੇ ਸਮੁੱਚੇ ਦੇਸ਼ ਵਿੱਚ ਹੋਏ ਕਤਲੇਆਮ ਤੋਂ ਬਾਅਦ ਅਸਤੀਫਾ ਕਿਉਂ ਨਹੀਂ ਦਿੱਤਾ? ਜਦੋਂ ਕਿ ਉਨ੍ਹਾਂ ਨੂੰ ਸਿੱਖ ਧਰਮ ਦਾ ਮੁਦੱਈ ਸਮਝਿਆ ਜਾਂਦਾ ਸੀ। ਅਜੇ ਤੱਕ ਦੇਸ਼ ਦੇ ਲੋਕ ਗਿਆਨੀ ਜ਼ੈਲ ਸਿੰਘ ਨੂੰ ਦੋਸ਼ੀ ਠਹਿਰਾਉਣ ਲੱਗਿਆਂ ਬਿਲਕੁਲ ਹੀ ਝਿਜਕਦੇ ਨਹੀਂ। ਲੋਕਾਂ ਦੇ ਮਨਾਂ ਵਿੱਚ ਗਿਆਨੀ ਜ਼ੈਲ ਸਿੰਘ ਬਾਰੇ ਗੁੱਸਾ ਹੈ। ਹਾਲਾਂ ਕਿ ਹੁਣ ਤੱਕ ਬਲਿਊ ਸਟਾਰ ਅਪ੍ਰੇਸ਼ਨ ਸਬੰਧੀ ਪ੍ਰਕਾਸ਼ਤ ਹੋਈਆਂ ਪੁਸਤਕਾਂ ਅਤੇ ਦਸਤਾਵੇਜ਼ ਗਿਆਨੀ ਜ਼ੈਲ ਸਿੰਘ ਦੇ ਹਵਾਲੇ ਨਾਲ ਲਿਖਦੇ ਹਨ ਕਿ ਕੇਂਦਰ ਸਰਕਾਰ ਨੇ ਰਾਸ਼ਟਰਪਤੀ ਦੀ ਇਜਾਜ਼ਤ ਤੋਂ ਬਿਨਾ ਹੀ ਇਹ ਕਾਰਵਾਈ ਕੀਤੀ ਸੀ।



ਮਰਹੂਮ ਰਾਸ਼ਟਰਪਤੀ ਗਿਆਨੀ ਜ਼ੈਲ ਸਿੰਘ

ਸੁਭਾਰਤਾ ਭੱਟਾਚਾਰੀਆ, ਜੋ ਅੰਗਰੇਜ਼ੀ ਦੇ ਮੈਗਜ਼ੀਨ 'ਸੰਡੇ ਗਾਰਡੀਅਨ' ਦੇ ਸੰਪਾਦਕ ਰਹੇ ਹਨ, ਉਨ੍ਹਾਂ ਨੇ ਆਪਣੇ ਇੱਕ ਲੇਖ ਵਿੱਚ ਲਿਖਿਆ ਸੀ ਕਿ ਗਿਆਨੀ ਜ਼ੈਲ ਸਿੰਘ ਨੂੰ ਪ੍ਰਧਾਨ ਮੰਤਰੀ ਸ਼੍ਰੀਮਤੀ ਇੰਦਰਾ ਗਾਂਧੀ ਅਤੇ ਉਨ੍ਹਾਂ ਦੀ ਸਰਕਾਰ ਨੇ ਬਲਿਊ ਸਟਾਰ ਅਪ੍ਰੇਸ਼ਨ ਬਾਰੇ ਹਨੇਰੇ ਵਿੱਚ ਰੱਖਿਆ ਸੀ। ਉਨ੍ਹਾਂ ਨੂੰ ਫ਼ੌਜ ਦੀ ਕਾਰਵਾਈ ਬਾਰੇ ਦੱਸਿਆ ਹੀ ਨਹੀਂ ਗਿਆ ਸੀ। ਇਥੋਂ ਤੱਕ ਕਿ ਭਿਣਕ ਵੀ ਨਹੀਂ ਪੈਣ ਦਿੱਤੀ ਸੀ। ਬਲਿਊ ਸਟਾਰ ਅਪ੍ਰੇਸ਼ਨ ਤੋਂ ਇਕ ਦਿਨ ਪਹਿਲਾਂ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਗਿਆਨੀ ਜ਼ੈਲ ਸਿੰਘ ਨੂੰ ਰਵਾਇਤੀ ਤੌਰ 'ਤੇ ਮਿਲ ਕੇ ਆਏ ਸਨ। ਪੰਜਾਬ ਦੀ ਸਥਿਤੀ ਬਾਰੇ ਕੋਈ ਗੱਲ ਹੀ ਨਹੀਂ ਕੀਤੀ ਸੀ। ਉਨ੍ਹਾਂ ਨੂੰ ਫ਼ੌਜਾਂ ਦੇ ਹਰਿਮੰਦਰ ਵਿੱਚ ਦਾਖ਼ਲ ਹੋਣ ਤੋਂ ਬਾਅਦ ਮੀਡੀਆ ਰਾਹੀਂ ਪਤਾ ਲੱਗਿਆ ਸੀ। ਇਥੋਂ ਤੱਕ ਕਿ ਰਾਸ਼ਟਰਪਤੀ ਭਵਨ ਦੇ ਸਾਰੇ ਟੈਲੀਫ਼ੋਨ ਟੇਪ ਕੀਤੇ ਜਾਂਦੇ ਸਨ, ਕਿਉਂਕਿ ਰਾਸ਼ਟਰਪਤੀ ਦੇ ਡਿਪਟੀ ਪ੍ਰੈਸ ਸਕੱਤਰ ਤਰਲੋਚਨ ਸਿੰਘ ਨੂੰ ਬਲਿਊ ਸਟਾਰ ਅਪ੍ਰੇਸ਼ਨ ਤੋਂ ਬਾਅਦ ਛੁੱਟੀ 'ਤੇ ਭੇਜ ਦਿੱਤਾ ਗਿਆ ਸੀ। ਉਨ੍ਹਾਂ 'ਤੇ ਇਲਜ਼ਾਮ ਲਾਇਆ ਗਿਆ ਸੀ ਕਿ ਉਨ੍ਹਾਂ ਨੇ ਅਖ਼ਬਾਰਾਂ ਨੂੰ ਬਲਿਊ ਸਟਾਰ ਅਪ੍ਰੇਸ਼ਨ ਦੇ ਵਿਰੁੱਧ ਖ਼ਬਰਾਂ ਲਾਉਣ ਲਈ ਜਾਣਕਾਰੀ ਦਿੱਤੀ ਅਤੇ ਭੜਕਾਇਆ ਸੀ।

ਲੋਕਾਂ ਨੂੰ ਗਿਆਨੀ ਜ਼ੈਲ ਸਿੰਘ ਨਾਲ ਇਹ ਵੀ ਨਾਰਾਜ਼ਗੀ ਹੈ ਕਿ ਜਦੋਂ ਇੰਦਰਾ ਗਾਂਧੀ ਦੀ ਸਰਕਾਰ ਨੇ ਭਰੋਸੇ ਵਿੱਚ ਲਏ ਤੋਂ ਬਿਨਾ ਹਰਿਮੰਦਰ ਸਾਹਿਬ ਅਤੇ ਸਮੁੱਚੇ ਪੰਜਾਬ ਦੇ ਗੁਰੂ ਘਰਾਂ 'ਤੇ ਫ਼ੌਜ ਦਾ ਹਮਲਾ ਕਥਿਤ ਅਤਿਵਾਦੀ ਕੱਢਣ ਦੀ ਆੜ ਵਿੱਚ ਕਰਵਾਇਆ ਸੀ ਤਾਂ ਫਿਰ ਜਦੋਂ ਇੰਦਰਾ ਗਾਂਧੀ ਦਾ ਕਤਲ ਹੋਇਆ ਸੀ, ਰਾਜੀਵ ਗਾਂਧੀ ਨੂੰ ਪ੍ਰਧਾਨ ਮੰਤਰੀ ਦੀ ਸਹੁੰ ਗਿਆਨੀ ਜ਼ੈਲ ਸਿੰਘ ਨੇ ਪ੍ਰੋਟੋਕਾਲ ਅਤੇ ਸਥਾਪਤ ਪਰੰਪਰਾਵਾਂ ਦੇ ਵਿਰੁੱਧ ਕਿਉਂ ਚੁਕਾਈ ਸੀ? ਇਹ ਗੱਲਾਂ ਅਜੇ ਤੱਕ ਪੰਜਾਬੀਆਂ ਅਤੇ ਖਾਸ ਤੌਰ 'ਤੇ ਸਿੱਖਾਂ ਨੂੰ ਰੜਕਦੀਆਂ ਹਨ। ਜਦੋਂ ਇੰਦਰਾ ਗਾਂਧੀ ਦਾ ਕਤਲ ਹੋਇਆ ਸੀ, ਉਦੋਂ ਗਿਆਨੀ ਜ਼ੈਲ ਸਿੰਘ ਨਾਰਥ ਯਮਨ ਦੇ ਦੌਰੇ 'ਤੇ ਗਏ ਹੋਏ ਸਨ। ਖ਼ਬਰ ਮਿਲਦਿਆਂ ਹੀ ਪਹਿਲਾਂ ਉਨ੍ਹਾਂ ਆਪਣੇ ਸਕੱਤਰ ਅਸ਼ੋਕ ਬੰਦੋਪਾਧਿਆਏ ਨੂੰ ਯਮਨ ਵਿੱਚ ਸਥਿਤ ਭਾਰਤੀ ਅੰਬੈਸੀ ਤੋਂ ਭਾਰਤੀ ਸੰਵਿਧਾਨ ਦੀ ਕਾਪੀ ਮੰਗਵਾਈ। ਫਿਰ ਉਹ ਤੁਰੰਤ ਸਾਨਾ ਤੋਂ ਵਾਪਸ ਭਾਰਤ ਆਉਣ ਲਈ ਜਹਾਜ਼ ਵਿੱਚ ਬੈਠ ਕੇ ਸਕੱਤਰ ਦੀ ਮਦਦ ਨਾਲ ਉਨ੍ਹਾਂ ਸੰਵਿਧਾਨ ਪੜ੍ਹਿਆ। ਸੰਵਿਧਾਨ ਦੀ ਧਾਰਾ 74 ਅਨੁਸਾਰ ਰਾਸ਼ਟਰਪਤੀ ਕੌਂਸਲ ਆਫ ਮਨਿਸਟਰਜ਼ ਦੀ ਸਲਾਹ ਮੰਨਣ ਲਈ ਪਾਬੰਦ ਹੈ, ਪ੍ਰੰਤੂ ਧਾਰਾ 75 ਰਾਸ਼ਟਰਪਤੀ ਨੂੰ ਪ੍ਰਧਾਨ ਮੰਤਰੀ ਨਿਯੁਕਤ ਕਰਨ ਦੀ ਸ਼ਕਤੀ ਦਿੰਦਾ ਹੈ ਅਤੇ ਮੰਤਰੀ ਪ੍ਰੀਸ਼ਦ ਪ੍ਰਧਾਨ ਮੰਤਰੀ ਦੀ ਸਿਫਾਰਸ਼ 'ਤੇ ਨਿਯੁਕਤ ਕਰ ਸਕਦਾ ਹੈ।

ਗਿਆਨੀ ਜ਼ੈਲ ਸਿੰਘ ਨੇ ਭੱਟਾਚਾਰੀਆ ਨੂੰ ਅੱਗੋਂ ਦੱਸਿਆ, "ਮੈਂ ਮਹਿਸੂਸ ਕੀਤਾ ਕਿ ਪ੍ਰਧਾਨ ਮੰਤਰੀ ਉਸ ਨੂੰ ਹੀ ਬਣਾਉਣਾ ਚਾਹੀਦਾ, ਜਿਸ ਨੇਤਾ ਨੂੰ ਲੋਕ ਸਭਾ ਵਿੱਚ ਬਹੁਮਤ ਹੋਵੇ।" ਫਿਰ ਉਨ੍ਹਾਂ ਕਿਹਾ ਕਿ 'ਇੰਦਰਾ ਗਾਂਧੀ ਸੰਜੇ ਗਾਂਧੀ ਨੂੰ ਆਪਣਾ ਉਤਰਾਧਿਕਾਰੀ ਬਣਾਉਣਾ ਚਾਹੁੰਦੇ ਸਨ, ਪਰ ਸੰਜੇ ਗਾਂਧੀ ਦੀ ਏਅਰ ਕਰੈਸ਼ ਵਿੱਚ ਮੌਤ ਹੋ ਗਈ ਸੀ। ਉਸ ਤੋਂ ਬਾਅਦ ਰਾਜੀਵ ਗਾਂਧੀ ਨੂੰ ਪਾਇਲਟ ਦੀ ਨੌਕਰੀ ਛੁਡਵਾ ਕੇ ਸਿਆਸਤ ਵਿੱਚ ਲਿਆਂਦਾ ਸੀ। ਇੰਦਰਾ ਗਾਂਧੀ ਦੀ ਕਿਰਪਾ ਨਾਲ ਹੀ ਮੈਂ (ਗਿਆਨੀ ਜ਼ੈਲ ਸਿੰਘ) ਰਾਸ਼ਟਰਪਤੀ ਬਣਿਆ ਹਾਂ, ਇਸ ਲਈ ਰਾਜੀਵ ਗਾਂਧੀ ਨੂੰ ਪ੍ਰਧਾਨ ਮੰਤਰੀ ਬਣਾਉਣਾ ਠੀਕ ਰਹੇਗਾ।'

ਰਾਸ਼ਟਰਪਤੀ ਨੇ ਆਪਣੇ ਸਕੱਤਰ ਨੂੰ ਜਹਾਜ਼ ਵਿੱਚੋਂ ਹੀ ਰਾਜੀਵ ਗਾਂਧੀ ਨਾਲ ਗੱਲ ਕਰਵਾਉਣ ਲਈ ਕਿਹਾ। ਸਕੱਤਰ ਨੇ ਸਲਾਹ ਦਿੱਤੀ ਕਿ ਜਹਾਜ਼ ਵਿੱਚੋਂ ਰੇਡੀਓ ਟਰਾਂਸਮਿਸ਼ਨ 'ਤੇ ਗੱਲ ਕਰਨੀ ਠੀਕ ਨਹੀਂ, ਕਿਉਂਕਿ ਗੱਲ ਪਾਕਿਸਤਾਨ ਵਿੱਚ ਲੀਕ ਹੋ ਸਕਦੀ ਹੈ। ਗਿਆਨੀ ਜ਼ੈਲ ਸਿੰਘ ਦਿੱਲੀ ਏਅਰਪੋਰਟ ਤੋਂ ਸਿੱਧੇ ਆਲ ਇੰਡੀਆ ਮੈਡੀਕਲ ਇੰਸਟੀਚਿਊਟ ਵਿੱਚ ਗਏ, ਜਿਥੇ ਇੰਦਰਾ ਗਾਂਧੀ ਦੀ ਮ੍ਰਿਤਕ ਦੇਹ ਪਈ ਸੀ। ਰਸਤੇ ਵਿੱਚ ਅਤੇ ਆਲ ਇੰਡੀਆ ਇੰਸਟੀਚਿਊਟ ਵਿੱਚ ਰਾਸ਼ਟਰਪਤੀ ਦੇ ਕਾਫ਼ਲੇ 'ਤੇ ਹਮਲਾ ਵੀ ਹੋਇਆ ਸੀ। ਆਲ ਇੰਡੀਆ ਇੰਸਟੀਚਿਊਟ ਵਿੱਚ ਜਦੋਂ ਗਿਆਨੀ ਜ਼ੈਲ ਸਿੰਘ ਪਹੁੰਚੇ ਤਾਂ ਰਾਜੀਵ ਗਾਂਧੀ ਉਥੇ ਮੌਜੂਦ ਸਨ। ਗਿਆਨੀ ਜ਼ੈਲ ਸਿੰਘ ਨੇ ਰਾਜੀਵ ਗਾਂਧੀ ਦੇ ਮੋਢੇ 'ਤੇ ਹੱਥ ਰੱਖਿਆ ਅਤੇ ਅਫ਼ਸੋਸ ਕਰਨ ਤੋਂ ਬਾਅਦ ਉਨ੍ਹਾਂ ਨੂੰ ਰਾਸ਼ਟਰਪਤੀ ਭਵਨ ਆ ਕੇ ਪ੍ਰਧਾਨ ਮੰਤਰੀ ਦੀ ਸਹੁੰ ਚੁੱਕਣ ਲਈ ਕਿਹਾ। ਪ੍ਰੋਟੋਕੋਲ ਅਤੇ ਸਥਾਪਤ ਪਰੰਪਰਾਵਾਂ ਅਨੁਸਾਰ ਜਿਵੇਂ ਪਹਿਲਾਂ 1964 ਵਿੱਚ ਪੰਡਿਤ ਜਵਾਹਰ ਲਾਲ ਨਹਿਰੂ ਅਤੇ 1966 ਵਿੱਚ ਲਾਲ ਬਹਾਦਰ ਸ਼ਾਸ਼ਤਰੀ ਦੀਆਂ ਮੌਤਾਂ ਤੋਂ ਬਾਅਦ ਉਨ੍ਹਾਂ ਦੇ ਮੰਤਰੀ ਮੰਡਲ ਦੇ ਸਭ ਤੋਂ ਸੀਨੀਅਰ ਮੰਤਰੀ ਗੁਲਜ਼ਾਰੀ ਲਾਲ ਨੰਦਾ ਨੂੰ ਕੰਮ ਚਲਾਊ ਪ੍ਰਧਾਨ ਮੰਤਰੀ ਦੀ ਸਹੁੰ ਚੁਕਵਾਈ ਗਈ ਸੀ। ਉਸੇ ਤਰ੍ਹਾਂ ਇੰਦਰਾ ਗਾਂਧੀ ਦੇ ਮੰਤਰੀ ਮੰਡਲ ਵਿੱਚ ਸਭ ਤੋਂ ਸੀਨੀਅਰ ਮੰਤਰੀ ਪ੍ਰਣਾਬ ਮੁਕਰਜੀ ਸਨ। ਇਸ ਲਈ ਉਨ੍ਹਾਂ ਨੂੰ ਸਹੁੰ ਚੁਕਾਉਣੀ ਬਣਦੀ ਸੀ, ਪ੍ਰੰਤੂ ਗਿਆਨੀ ਜ਼ੈਲ ਸਿੰਘ ਨੇ ਰਾਜੀਵ ਗਾਂਧੀ ਨੂੰ ਸਹੁੰ ਚੁਕਾ ਦਿੱਤੀ ਸੀ।

ਗਿਆਨੀ ਜ਼ੈਲ ਸਿੰਘ ਸੰਜੇ ਗਾਂਧੀ ਨੂੰ ਆਪਣਾ ਰਹਿਨੁਮਾ ਕਹਿੰਦੇ ਸਨ, ਕਿਉਂਕਿ ਹੁਸ਼ਿਆਰਪੁਰ ਦੀ ਉਪ ਚੋਣ ਜਿੱਤਣ ਤੋਂ ਤੁਰੰਤ ਬਾਅਦ ਗਿਆਨੀ ਜ਼ੈਲ ਸਿੰਘ ਨੂੰ ਭਾਰਤ ਦਾ ਗ੍ਰਹਿ ਮੰਤਰੀ ਬਣਵਾ ਦਿੱਤਾ ਸੀ। ਜਦੋਂ ਗਿਆਨੀ ਜ਼ੈਲ ਸਿੰਘ ਨੂੰ ਕਾਂਗਰਸ ਪਾਰਟੀ ਨੇ ਰਾਸ਼ਟਰਪਤੀ ਦਾ ਉਮੀਦਵਾਰ ਬਣਾਇਆ ਸੀ ਤਾਂ ਗਿਆਨੀ ਜ਼ੈਲ ਸਿੰਘ ਉਦੋਂ ਭਾਰਤ ਦੇ ਗ੍ਰਹਿ ਮੰਤਰੀ ਸਨ। ਰਾਜੀਵ ਗਾਂਧੀ ਦੇ ਪ੍ਰਧਾਨ ਮੰਤਰੀ ਦੇ ਹੁੰਦਿਆਂ ਲਗਪਗ ਢਾਈ ਸਾਲ ਗਿਆਨੀ ਜ਼ੈਲ ਸਿੰਘ ਰਾਸ਼ਟਰਪਤੀ ਰਹੇ। ਇਹ ਪਰੰਪਰਾ ਦੇਸ਼ ਦੇ ਆਜ਼ਾਦ ਹੋਣ ਤੋਂ ਬਾਅਦ ਚਲੀ ਆ ਰਹੀ ਹੈ ਕਿ ਪ੍ਰਧਾਨ ਮੰਤਰੀ ਰਾਸ਼ਟਰਪਤੀ ਭਵਨ ਜਾ ਕੇ ਸਰਕਾਰ ਦੀ ਸਥਿਤੀ ਬਾਰੇ ਜਾਣਕਾਰੀ ਦਿੰਦਾ ਰਹਿੰਦਾ ਹੈ; ਪ੍ਰੰਤੂ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਨੇ ਰਾਸ਼ਟਰਪਤੀ ਨੂੰ ਕਦੀ ਵੀ ਰਾਸ਼ਟਰਪਤੀ ਭਵਨ ਜਾ ਕੇ ਸਰਕਾਰ ਦੀ ਕਾਰਗੁਜ਼ਾਰੀ ਬਾਰੇ ਜਾਣਕਾਰੀ ਨਹੀਂ ਦਿੱਤੀ। ਇਥੋਂ ਤੱਕ ਕਿ ਕਦੀਂ ਕੋਈ ਮੰਤਰੀ ਵੀ ਨਹੀਂ ਭੇਜਿਆ। ਇਸ ਦੇ ਉਲਟ ਇਕ ਕੇਂਦਰੀ ਮੰਤਰੀ ਰਾਸ਼ਟਰਪਤੀ ਬਾਰੇ ਗ਼ਲਤ ਬਿਆਨੀ ਕਰਦਾ ਰਿਹਾ। ਹਾਲਾਂ ਕਿ ਰਾਜੀਵ ਗਾਂਧੀ ਨੂੰ ਪਤਾ ਸੀ ਕਿ ਰਾਸ਼ਟਰਪਤੀ ਕੋਲ ਅਸੀਮ ਸ਼ਕਤੀਆਂ ਹਨ। ਦੋਹਾਂ ਦਰਮਿਆਨ ਸਬੰਧ ਐਸੇ ਵਿਗੜੇ ਕਿ ਜਦੋਂ 1986 ਵਿੱਚ ਸੰਵਿਧਾਨ ਦੀ ਧਾਰਾ 74 ਵਿੱਚ ਤਬਦੀਲੀ ਕਰਕੇ ਸੰਵਿਧਾਨ ਸੋਧ ਬਿਲ 42 ਅਤੇ 44 ਕੇਂਦਰ ਸਰਕਾਰ ਨੇ ਦੋਹਾਂ ਸਦਨਾ ਵਿੱਚ 'ਪੋਸਟਲ ਬਿਲ' ਜਿਸ ਵਿੱਚ ਡਾਕ ਖੋਲ੍ਹ ਕੇ ਪੜ੍ਹਨ ਦਾ ਅਧਿਕਾਰ ਸਰਕਾਰ ਨੂੰ ਦੇਣਾ ਸੀ, ਪਾਸ ਕਰਕੇ ਰਾਸ਼ਟਰਪਤੀ ਕੋਲ ਪ੍ਰਵਾਨਗੀ ਲਈ ਭੇਜਿਆ ਤਾਂ ਗਿਆਨੀ ਜ਼ੈਲ ਸਿੰਘ ਨੇ ਪ੍ਰਵਾਨ ਤਾਂ ਕੀ ਕਰਨਾ ਸੀ, ਬਿਲ ਵਾਪਸ ਵੀ ਨਹੀਂ ਕੀਤਾ ਸੀ। ਮੁੜ ਕੇ ਉਹ ਬਿਲ ਕਾਨੂੰਨ ਹੀ ਨਹੀਂ ਬਣ ਸਕਿਆ।

ਬਲਿਊ ਸਟਾਰ ਅਪ੍ਰੇਸ਼ਨ ਤੋਂ ਬਾਅਦ ਗਿਆਨੀ ਜ਼ੈਲ ਸਿੰਘ ਦਾ ਦੂਜਾ ਸਖ਼ਤ ਕਦਮ ਇਹ ਸੀ ਕਿ 1983 ਵਿੱਚ ਆਂਧਰਾ ਪ੍ਰਦੇਸ਼ ਵਿਧਾਨ ਸਭਾ ਦੀ ਵਿੱਚ ਚੋਣ ਵਿੱਚ ਤੈਲਗੂ ਦੇਸ਼ਮ ਪਾਰਟੀ ਦੇ ਐਨ.ਟੀ. ਰਾਮਾਰਾਓ ਕਾਂਗਰਸ ਪਾਰਟੀ ਨੂੰ ਹਰਾ ਕੇ ਭਾਰੀ ਬਹੁਮਤ ਨਾਲ ਜਿੱਤ ਕੇ ਮੁੱਖ ਮੰਤਰੀ ਬਣ ਗਏ ਸੀ। ਉਸ ਤੋਂ ਕਾਫੀ ਸਮਾਂ ਬਾਅਦ ਉਹ ਅਮਰੀਕਾ ਵਿੱਚ ਇਲਾਜ ਕਰਵਾਉਣ ਲਈ ਚਲੇ ਗਏ। ਕਾਂਗਰਸ ਪਾਰਟੀ ਨੇ ਰਾਜਪਾਲ ਰਾਮ ਲਾਲ ਠਾਕੁਰ 'ਤੇ ਪ੍ਰਭਾਵ ਪਾ ਕੇ ਰਾਮਾਰਾਓ ਮੰਤਰੀ ਮੰਡਲ ਦੇ ਵਿੱਤ ਮੰਤਰੀ ਐਨ. ਭਾਸਕਰ ਰਾਓ ਨੂੰ ਮੁੱਖ ਮੰਤਰੀ ਦੀ ਸਹੁੰ ਚੁਕਵਾ ਦਿੱਤੀ। ਐਨ.ਟੀ. ਰਾਮਾਰਾਓ ਜਦੋਂ ਇਲਾਜ ਕਰਵਾ ਕੇ ਵਾਪਸ ਆਏ ਤਾਂ ਉਹ ਇਸ ਸੰਵਿਧਾਨਕ ਧੱਕੇ ਦੇ ਵਿਰੁੱਧ ਗਿਆਨੀ ਜ਼ੈਲ ਸਿੰਘ ਕੋਲ 160 ਵਿਧਾਇਕ ਲੈ ਕੇ ਰਾਸ਼ਟਰਪਤੀ ਭਵਨ ਪਹੁੰਚ ਗਏ। ਰਾਸ਼ਟਰਪਤੀ ਦਫ਼ਤਰ ਨੇ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਦੇ ਦਫਤਰ ਫ਼ੋਨ ਕਰਕੇ ਆਪਣਾ ਪ੍ਰਤੀਨਿਧ ਭੇਜਣ ਲਈ ਕਿਹਾ। ਪ੍ਰਧਾਨ ਮੰਤਰੀ ਦੇ ਪ੍ਰਤੀਨਿਧ ਦੇ ਸਾਹਮਣੇ ਸਾਰੇ ਵਿਧਾਨਕਾਰਾਂ ਦੀ ਪ੍ਰੇਡ ਹੋਈ ਅਤੇ ਸ਼ਨਾਖ਼ਤੀ ਕਾਰਡ ਵਿਖਾਏ ਗਏ। ਰਾਸ਼ਟਰਪਤੀ ਨੇ ਪ੍ਰਧਾਨ ਮੰਤਰੀ ਦਫ਼ਤਰ ਨੂੰ ਲਿਖ ਕੇ ਭੇਜ ਦਿੱਤਾ ਕਿ ਰਾਜਪਾਲ ਆਪਣਾ ਫ਼ੈਸਲਾ ਬਦਲ ਦਵੇ। ਰਾਜਪਾਲ ਨੇ ਆਪਣਾ ਫ਼ੈਸਲਾ ਬਦਲ ਕੇ ਐਨ.ਟੀ. ਰਾਮਾਰਾਓ ਨੂੰ ਦੁਬਾਰਾ ਮੁੱਖ ਮੰਤਰੀ ਦੀ ਸਹੁੰ ਚੁਕਵਾਈ। ਗਿਆਨੀ ਜ਼ੈਲ ਸਿੰਘ ਨੇ ਰਾਜਪਾਲ ਨੂੰ ਬਰਖਾਸਤ ਕਰਨ ਦੇ ਹੁਕਮ ਵੀ ਕਰ ਦਿੱਤੇ। ਨਵਾਂ ਰਾਜਪਾਲ ਏ.ਪੀ. ਕੁਮੁਦਬੇਨ ਜੋਸ਼ੀ ਨੂੰ ਹਦਾਇਤਾਂ ਦਿੱਤੀਆਂ ਗਈਆਂ ਕਿ ਉਹ ਰਾਜ ਦੀ ਸਿਆਸਤ ਵਿੱਚ ਦਖ਼ਲਅੰਦਾਜ਼ੀ ਨਾ ਕਰੇ। ਇੰਦਰਾ ਗਾਂਧੀ ਦੀ ਮੌਤ ਤੋਂ ਬਾਅਦ ਲੋਕ ਸਭਾ ਦੀਆਂ ਆਮ ਚੋਣਾਂ ਹੋਈਆਂ, ਕਾਂਗਰਸ ਪਾਰਟੀ ਨੂੰ 400 ਤੋਂ ਵਧੇਰੇ ਸੀਟਾਂ 'ਤੇ ਜਿੱਤ ਪ੍ਰਾਪਤ ਹੋਈ, ਜਿਸ ਨੇ ਰਾਸ਼ਟਰਪਤੀ ਨਾਲ ਸਬੰਧਾਂ ਵਿੱਚ ਹੋਰ ਖਟਾਸ ਵਧਾ ਦਿੱਤੀ।

ਇਸ ਤੋਂ ਬਾਅਦ ਰਾਜੀਵ ਗਾਂਧੀ ਸਰਕਾਰ ਨੇ ਗਿਆਨੀ ਜ਼ੈਲ ਸਿੰਘ ਨੂੰ ਵਿਦੇਸ਼ ਦੌਰਿਆਂ 'ਤੇ ਭੇਜਣ ਦੀ ਥਾਂ ਉਪ ਰਾਸ਼ਟਰਪਤੀ ਆਰ. ਵੈਂਕਟਾਰਤਨਮ ਨੂੰ ਭੇਜਣਾ ਸ਼ੁਰੂ ਕਰ ਦਿੱਤਾ। ਗਿਆਨੀ ਜ਼ੈਲ ਸਿੰਘ ਆਪਣੀ 5 ਸਾਲ 1982-87 ਦੀ ਟਰਮ ਵਿੱਚ ਸਿਰਫ 4 ਦੇਸ਼ਾਂ ਦੇ ਦੌਰੇ 'ਤੇ ਗਏ ਸਨ। ਰਾਸ਼ਟਰਪਤੀ ਨੂੰ ਕੀਤੀ ਜਾਂਦੀ ਰਵਾਇਤੀ ਬਰੀਫਿੰਗ ਬੰਦ ਕਰ ਦਿੱਤੀ। ਰਾਸ਼ਟਰਪਤੀ ਭਵਨ ਵਿੱਚ ਜਿਹੜੇ ਦਰਬਾਰ ਹੁੰਦੇ ਸਨ, ਉਹ ਬੰਦ ਕਰਵਾ ਦਿੱਤੇ ਗਏ। ਰਾਸ਼ਟਰਪਤੀ ਭਵਨ ਦੇ ਸਾਰੇ ਟੈਲੀਫ਼ੋਨਾਂ ਦੀ ਟੇਪਿੰਗ ਸ਼ੁਰੂ ਕਰ ਦਿੱਤੀ ਗਈ। ਰਾਸ਼ਟਰਪਤੀ ਨੂੰ ਮਿਲਣ ਵਾਲੇ ਸਾਰੇ ਵਿਅਕਤੀਆਂ 'ਤੇ ਨਜ਼ਰਸਾਨੀ ਕੀਤੀ ਜਾਣ ਲੱਗ ਪਈ। ਜਦੋਂ ਗਿਆਨੀ ਜੀ ਨੇ ਕਿਸੇ ਨਾਲ ਗੱਲ ਕਰਨੀ ਹੁੰਦੀ ਤਾਂ ਮੁਗਲ ਗਾਰਡਨ ਵਿੱਚ ਸੈਰ ਕਰਦਿਆਂ ਕਰਦੇ ਸਨ, ਕਿਉਂਕਿ ਕਮਰਿਆਂ ਵਿੱਚ ਅਜਿਹੇ ਯੰਤਰ ਲਾਏ ਸਨ, ਜਿਨ੍ਹਾਂ ਰਾਹੀਂ ਗੱਲਬਾਤ ਸੁਣੀ ਜਾਂਦੀ ਸੀ। ਗਿਆਨੀ ਜੀ ਨੇ ਇਕ ਵਿਜ਼ਟਰ ਨੂੰ ਇਸ ਨਜ਼ਰਸਾਨੀ ਬਾਰੇ ਪਾਕਿਸਤਾਨ ਦੇ ਇਕ ਸ਼ਾਇਰ ਉਸਤਾਦ ਦਾਮਨ ਦਾ ਸ਼ਿਅਰ ਵਿਅੰਗ ਨਾਲ ਸੁਣਾਇਆ ਸੀ, "ਅੰਦਰ ਮੌਜਾਂ ਹੀ ਮੌਜਾਂ, ਬਾਹਰ ਫ਼ੌਜਾਂ ਹੀ ਫ਼ੌਜਾਂ।"



ਗਿਆਨੀ ਜ਼ੈਲ ਸਿੰਘ ਦੀ ਮੌਜੂਦਗੀ ਵਿੱਚ ਪ੍ਰਧਾਨ ਮੰਤਰੀ ਵਜੋਂ ਸਹੁੰ ਚੁੱਕਦੇ ਹੋਏ ਰਾਜੀਵ ਗਾਂਧੀ

ਇਥੋਂ ਤੱਕ ਕਿ ਚੀਫ਼ ਆਫ਼ ਆਰਮੀ ਸਟਾਫ ਕੇ. ਸੁੰਦਰਜੀ ਰਾਸ਼ਟਰਪਤੀ ਨੂੰ ਕਮਾਂਡਰ ਇਨ ਚੀਫ ਲਿਖਣ ਦੀ ਥਾਂ ਡੀਅਰ ਪ੍ਰੈਜੀਡੈਂਟ ਲਿਖਣ ਲੱਗ ਪਏ। ਗਿਆਨੀ ਜ਼ੈਲ ਸਿੰਘ ਇੱਕ ਕਿਸਮ ਨਾਲ 'ਪਿੰਜਰੇ ਵਿੱਚ ਤੋਤਾ' ਬਣ ਕੇ ਰਹਿ ਗਏ।

ਦੂਜੇ ਪਾਸੇ ਅਕਾਲ ਤਖ਼ਤ ਸਾਹਿਬ ਤੋਂ ਗਿਆਨੀ ਜ਼ੈਲ ਸਿੰਘ ਨੂੰ ਕਾਰਨ ਦੱਸੋ ਨੋਟਿਸ ਦਿੱਤਾ ਗਿਆ ਕਿ ਹਰਿਮੰਦਰ ਸਾਹਿਬ ਵਿੱਚ ਫ਼ੌਜਾਂ ਭੇਜਣ ਲਈ ਤੁਹਾਨੂੰ ਸਿੱਖ ਪੰਥ ਵਿੱਚੋਂ ਕਿਉਂ ਨਾ ਕੱਢਿਆ ਜਾਵੇ? ਗਿਆਨੀ ਜ਼ੈਲ ਸਿੰਘ ਨੇ ਆਪਣੇ ਪ੍ਰੈਸ ਸਕੱਤਰ ਤਰਲੋਚਨ ਸਿੰਘ ਰਾਹੀਂ ਜਵਾਬ ਭੇਜ ਕੇ ਜਥੇਦਾਰ ਸਾਹਿਬਾਨ ਨੂੰ ਸੰਤੁਸ਼ਟ ਕਰਵਾਇਆ, ਜਿਸ ਕਰਕੇ ਪੰਥ ਵਿੱਚੋਂ ਛੇਕਣ ਦੀ ਸਮੱਸਿਆ ਖ਼ਤਮ ਹੋਈ। ਗਿਆਨੀ ਜ਼ੈਲ ਸਿੰਘ ਨੇ ਆਪਣੇ ਹਮਦਰਦਾਂ ਨੂੰ ਦੱਸਿਆ ਸੀ ਕਿ ਜੇਕਰ ਉਹ ਅਸਤੀਫ਼ਾ ਦੇ ਦਿੰਦੇ ਤਾਂ ਸਿੱਖਾਂ ਲਈ ਹੋਰ ਖ਼ਤਰਾ ਪੈਦਾ ਹੋ ਜਾਣਾ ਸੀ। ਹੋ ਸਕਦਾ ਘੁਮੰਡੀ ਸਰਕਾਰ ਹੋਰ ਕਤਲੇਆਮ ਕਰਵਾ ਦਿੰਦੀ, ਕਿਉਂਕਿ ਬਹੁਤ ਸਾਰੇ ਸਿੱਖ ਪੰਜਾਬ ਤੋਂ ਬਾਹਰ ਰਹਿੰਦੇ ਹਨ ਅਤੇ ਉਨ੍ਹਾਂ ਦੇ ਕਾਰੋਬਾਰ ਵੀ ਖ਼ਤਮ ਹੋ ਜਾਂਦੇ।

———

**ਸਾਬਕਾ ਜਿਲ੍ਹਾ ਲੋਕ ਸੰਪਰਕ ਅਧਿਕਾਰੀ।*